# ਭਾਗ-1

**‘ਸੰਗਤ’** ਲਫ਼ਜ਼ ‘ਸੰਗਿਆ’ (noun) ਵੀ ਹੈ—ਜੋ ਜੀਵਾਂ ਦੇ ਇਕੱਠ ਨੂੰ ਕਿਹਾ ਜਾਂਦਾ ਹੈ ਅਤੇ ‘ਕ੍ਰਿਆ’ (verb) ਭੀ ਹੈ—ਜੋ ਜੀਵਾਂ ਦੇ ਇਕੱਠੇ ਹੋ ਕੇ **‘ਸੰਗ ਕਰਨ’** ਅਥਵਾ **‘ਮੇਲ-ਜੋਲ’** ਕਰਨ ਦਾ ਵਾਚਕ ਹੈ ।

ਦਿਮਾਗੀ ਗਿਆਨ ਉਤੇ ਅਧਾਰਤ ਸਾਡਾ ਇਹ **‘ਦ੍ਰਿਸ਼ਟੀਕੋਣ’ ਬਾਹਰਮੁਖੀ ਹੋਣ ਕਰਕੇ**—ਅਸੀਂ ਸਰੀਰਾਂ ਦੇ **‘ਇਕੱਠ’, ‘ਜਿਸਮਾਨੀ ਇਕਤ੍ਰਤਾ’** ਅਤੇ **‘ਦਿਮਾਗੀ ਵਿਚਾਰ-ਵਟਾਂਦਰੇ’ ਨੂੰ ਹੀ ‘ਸੰਗਤ ਕਰਨੀ’ ਸਮਝੀ ਬੈਠੇ ਹਾਂ ਅਤੇ ਇਸ ਵਿਚ ਹੀ ਸੰਤੁਸ਼ਟ ਹਾਂ ।**

ਇਹ **‘ਸੰਗਤ’ ਯਾ ‘ਮੇਲ-ਜੋਲ’** ਜੀਵਾਂ ਵਿਚਕਾਰ ਅਤੇ ਸਾਰੀ ਦਿਸਣਹਾਰ ਸ੍ਰਿਸ਼ਟੀ ਅੰਦਰ—ਜਿਸ ਵਿਚ ਜਾਨਦਾਰ ਅਤੇ ਬੇਜਾਨ ਚੀਜ਼ਾਂ ਸ਼ਾਮਲ ਹਨ, ਸਹਜ-ਸੁਭਾਇ ਹੋ ਰਿਹਾ ਹੈ ।

ਆਧੁਨਿਕ ਸਾਇੰਸ ਨੇ ਭੀ ਇਹ ਸਿੱਧ ਕਰ ਦਿਤਾ ਹੈ ਕਿ ਦਿਸਣਹਾਰ ‘ਮਾਦਾ’ (matter) ਜਿਹਾ ਕਿ—ਹਵਾ, ਪਾਣੀ, ਧਾਤ, ਅੱਗ, ਮਿੱਟੀ, ਚੰਦ, ਤਾਰੇ, ਪੌਦੇ, ਪਸ਼ੂ, ਪੰਛੀ ਅਤੇ ਇਨਸਾਨ ਆਦਿ, ਸਭ ਕੁਝ ਕੁਦਰਤੀ ਤਤਾਂ (natural elements) ਦੇ ਆਪਸੀ **‘ਮੇਲ-ਜੋਲ’** (inter action) ਤੋਂ ਪੈਦਾ ਹੁੰਦਾ ਹੈ । ਇਹ ਸਾਰੇ ਰਸਾਇਣਿਕ ਤੱਤ (chemical elements) ਅਦ੍ਰਿਸ਼ਟ, ਸੂਖਮ ਅਣੂਆਂ (invisible electrons) ਦੀ **ਅਦ੍ਰਿਸ਼ਟ, ਸਦੀਵੀ ਹਰਕਤ ਅਤੇ ਸ਼ਕਤੀ** (vibrations and energy) **ਦਾ ਹੀ ਪ੍ਰਗਟਾਵਾ ਹਨ ।**

**ਅਣੂਆਂ ਦੀ ਇਹੀ ਅਦ੍ਰਿਸ਼ਟ ਥਰ-ਥਰਾਹਟ** (vibrations) ਅਤੇ ਸ਼ਕਤੀ ਹੀ ਕਾਇਨਾਤ ਦੀ ਸਾਰੀ **ਉਤਪਤੀ ਦਾ ਕਾਰਣ ਹੈ,** ਜਿਸ ਦਾ **ਇਕੋ-ਇਕ ‘ਸੋਮਾ’—‘ਪਰਮ-ਤਤ’** (primal source) **‘ਅਕਾਲ ਪੁਰਖ’ ਹੈ ।**

ਉਦਾਹਰਣ ਵਜੋਂ :—

ਹਾਈਡਰੋਜਨ (hydrogen) ਅਤੇ ਆਕਸੀਜਨ (oxygen) ਦੇ



# Lekh 78 Part 1 Sangat (Company)

The word ‘sangat’ when used as a noun refers to a gathering of people and when used as a verb, it signifies the ‘inter-action’ that takes place when people meet in groups.

As our externally orientated view point is dependent on intellectual knowledge, we have come to regard the bodily ‘gathering’, the ‘physical-meeting’ and ‘intellectual exchange of ideas’ akin to a sangat or company and are quite satisfied with this understanding.

This sangat or the inter-action is taking place automatically among humans and within the whole visible creation - where both the animate and inanimate things are included.

Modern science has also proved that visible ‘matter’ such as air, water, minerals, metals, fire, earth, moon, sun, plants, animals, birds and man are all created by the inter-action of natural elements. All these chemical elements are the manifestation of the invisible external vibration and energy of the invisible minute electrons.

The invisible vibrations and energy of the electrons are indeed the cause of all creation of the universe of which there is one and only one ‘source’ - the primal source—i.e. the Timeless Being.

For example:-

From the combination of hydrogen and oxygen

**ਮਲ ਤੋਂ** 'ਪਾਣੀ' ਬਣਦਾ ਹੈ ।

ਨਾਈਟਰੋਜਨ (nitrogen) ਅਤੇ ਆਕਸੀਜਨ ਦੇ **ਮੇਲ ਤੋਂ** 'ਹਵਾ' ਬਣਦੀ ਹੈ ।

ਕਾਰਬਨ (carbon) ਅਤੇ ਆਕਸੀਜਨ ਦੇ **ਮਿਲਾਪ ਤੋਂ** 'ਅੱਗ' ਦਾ ਪ੍ਰਗਟਾਵਾ ਹੁੰਦਾ ਹੈ ।

ਕਾਰਬਨ ਅਤੇ ਹਾਈਡਰੋਜਨ ਦੇ **ਇਕੱਠ ਤੋਂ** ਪਟਰੋਲ, ਗੈਸ, ਰਬੜ, ਸ਼ਰਾਬ ਤੇ ਹੋਰ ਅਨੇਕਾਂ ਪਦਾਰਥ ਬਣਦੇ ਹਨ ।

ਏਸੇ ਤਰ੍ਹਾਂ **'ਤਤਾਂ' ਦੇ 'ਮੇਲ' ਯਾ 'ਸੰਗਤ' ਤੋਂ** ਅਨੇਕਾਂ ਕਿਸਮ ਦੀਆਂ **ਧਾਤਾਂ ਅਤੇ 'ਮਿਸ੍ਰਣ-ਧਾਤਾਂ'** (metals and alloys), ਖਾਦਾਂ, ਦਵਾਈਆਂ ਆਦਿ ਬਣਦੀਆਂ ਹਨ ।

ਸੋਈ ਤਾਂਬਾ ਰੰਗ **ਸੰਗਿ** ਜਿਉ ਕੈਹਾ ਹੋਈ ।
ਸੋਈ ਤਾਂਬਾ ਜਸਤ **ਮਿਲਿ** ਪਿਤਲ ਅਵਲੋਈ ।
ਸੋਈ ਸੀਸੇ **ਸੰਗਤੀ** ਭੰਗਾਰ ਭਲੋਈ ।
ਤਾਂਬਾ ਪਾਰਸਿ **ਪਰਸਿਆ** ਹੋਇ ਕੰਚਨ ਸੋਈ ।
ਸੋਈ ਤਾਂਬਾ **ਭਸਮ** ਹੋਇ ਅਉਖਧ ਕਰਿ ਭੋਈ ।
ਆਪੇ ਆਪਿ ਵਰਤਦਾ **ਸੰਗਤਿ ਗੁਣ ਗੋਈ ॥** (ਵਾ.ਭਾ.ਗੁ. 2/6)

ਬਦਲਾਂ ਦੇ ਟਕਰਾਓ ਤੋਂ ਉਤਪੰਨ ਹੋਈ **'ਅਸਮਾਨੀ ਲਿਸ਼ਕ'** (lightening) ਅਤੇ ਸਾਡੀ ਰੋਜਾਨਾ ਵਰਤੋਂ ਵਾਲੀ **'ਬਜਲੀ'** (electricity) ਵੀ, ਅਣੂਆਂ ਦੀ ਇਸ **ਥਰ-ਥੱਰਾਹਟ ਅਤੇ ਸ਼ਕਤੀ** (electronic vibrations and potential) ਦੀ **ਪ੍ਰਕਿਰਤੀ ਅਤੇ ਪ੍ਰਗਟਾਵਾ ਹੀ ਹਨ ।**

ਇਹ **'ਤਤ'**, ਕੁਦਰਤੀ ਤੌਰ ਤੇ ਇਕ ਦੂਜੇ ਦੀਆਂ **ਸੂਖਮ ਕਿਰਨਾਂ** (fine vibrations) **ਦੇ 'ਮੇਲ' ਨਾਲ, 'ਅਸਰ' ਦਿੰਦੇ ਤੇ ਲੈਂਦੇ ਰਹਿੰਦੇ ਹਨ** ਅਤੇ ਇਨ੍ਹਾਂ ਦੀ **ਬਨਾਵਟ ਅਤੇ ਗੁਣਾਂ ਵਿਚ ਤਬਦੀਲੀ** (change) **ਹੁੰਦੀ ਰਹਿੰਦੀ ਹੈ,** ਜਿਸ ਤਰਾਂ ਧਰਤੀ ਦੀ ਕੁਖ ਵਿਚ ਅਨੇਕਾਂ ਕੁਦਰਤੀ ਧਾਤਾਂ (natural metals) ਦਾ ਬਣਨਾ, ਜਿਵੇਂ ਕਿ ਕੋਲਾ, ਪਟਰੋਲੀਅਮ, ਰੰਗ-ਬਰੰਗੇ ਪੱਥਰ, ਰਤਨ, ਆਦਿ ।

ਇਨਸਾਨ ਨੇ ਵੀ ਅਪਣੀ **ਬੁਧੀ** ਨਾਲ ਵਿਗਿਆਨਕ **ਖੋਜ ਕਰਕੇ** ਇਹਨਾਂ **'ਰਸਾਇਣਿਕ ਤਤਾਂ' ਨੂੰ 'ਮਿਲਾ ਕੇ' ਯਾ 'ਨਿਖੇੜ ਕੇ'** ਬੇਅੰਤ ਲਾਭਦਾਇਕ ਅਤੇ ਸੁਖਦਾਇਕ ਵਸਤੂਆਂ, ਜੰਤ੍ਰ ਤੇ ਸਾਧਨ (products and systems) ਬਣਾਏ ਹਨ,



water is made.

From the combination of nitrogen and oxygen 'air' is made.

From the combination of carbon and oxygen 'fire' is made.

From the combination of hydrogen and carbon petrol, gas, rubber, liquor and many other things are made.

Similarly with the 'combination' or 'association' of elements many different kinds of metals, alloys, fertilizers, medicines etc. are made.

*Mixing with tin, the copper transforms into bronze.*
*The same copper mixed with zinc appears in the form of brass.*
*Copper mixed with lead changes into pewter.*
*With the touch of the philosopher's stone, the same copper be comes gold.*
*When transformed into ashes, copper becomes a medicine.*
*Likewise, though the Lord is omnipresent, yet the effects of the company of man are different over men. Knowing this much the Lord is lauded (praised) in the holy congregation.* *VBG 2/6*

Lightening generated by friction in clouds and the electricity used by us daily are indeed the creation and expression of electronic vibrations and potential of the electrons.

These 'elements' with the 'association' of the fine vibrations of one another in a natural way influence (other elements) and get influenced (by them) and their structure and characteristics continue to change just as in the earth's cavity thee is the formation of various natural metals such as coal, petroleum, stones of different colours, jewels etc.

Man doing scientific research with his intellect and 'combining' or 'separating' these 'chemical elements' has succeeded in making innumerable useful and comfort giving products and systems

ਜਿਵੇਂ ਕਿ :—

ਬਿਜਲੀ
ਘਰੇਲੂ ਜੰਤ੍ਰ
ਆਵਾਜਾਈ ਦੇ ਸਾਧਨ
ਸੁਖਦਾਈ ਇਮਾਰਤਾਂ
ਸੰਚਾਰ ਸਾਧਨ
ਆਦਿ ।

'ਗੁਣਾਂ' ਦੇ ਐਨ 'ਉਲਟ', ਇਨ੍ਹਾਂ ਤਤਾਂ ਦੇ 'ਮਿਲਾਪ'—'ਸੰਗਤ' ਨਾਲ 'ਅਉਗਣਾਂ' ਦਾ ਉਤਪੰਨ ਹੋਣਾ ਭੀ ਸੁਭਾਵਕ ਹੈ, ਜਿਵੇਂ ਕਿ ਪਾਣੀ ਦਾ 'ਸਾਫ਼-ਗੰਧਲਾ', 'ਕੌੜਾ-ਮਿੱਠਾ', 'ਠੰਢਾ-ਤੱਤਾ' ਹੋਣਾ; ਲੋਹੇ ਨੂੰ ਹਵਾ ਦੀ ਨਮੀ (moisture) ਦੇ ਅਸਰ ਹੇਠ 'ਜੰਗਾਲ' ਲਗਣਾ (rust) ਆਦਿ ।

ਇਨਸਾਨ ਨੇ ਵੀ ਅਪਣੀ ਮਲੀਨ ਬੁਧੀ ਦੀ 'ਰੰਗਤ' ਚਾੜ੍ਹ ਕੇ, ਇਹਨਾਂ ਤਤਾਂ ਦੇ 'ਮੇਲ' ਤੇ 'ਨਿਖੇੜ' ਦੇ ਅਉਗਣਾਂ ਦੀ ਖੋਜ ਕਰਕੇ, ਇਹਨਾਂ ਨੂੰ ਅਤਿਅੰਤ ਤਬਾਹੀ ਦਾ ਜ਼ਰੀਆ ਬਣਾ ਲਿਆ ਹੈ, ਜਿਵੇਂ ਕਿ—

ਅਨੇਕਾਂ ਨਸ਼ੀਲੀਆਂ ਵਸਤੂਆਂ (intoxicating drugs)
ਮਾਰੂ ਹਥਿਆਰ (destructive weapons)
'ਮਿਸਾਈਲਜ' (missiles)
ਪ੍ਰਮਾਣੂ ਅਤੇ ਰਸਾਇਣਿਕ ਬੰਬ (nuclear and chemical bombs)
ਆਦਿ ।

ਇਹ ਸਾਧਨ ਕਾਇਨਾਤ ਅਤੇ ਮਨੁਖੀ ਤਬਾਹੀ ਦਾ ਕਾਰਨ ਬਣ ਰਹੇ ਹਨ ਅਤੇ ਇਹਨਾਂ ਦੀ ਦਹਿਸ਼ਤ ਦੇ ਸਹਿਮ ਵਿਚ ਦੁਨੀਆਂ ਤ੍ਰਾਹ-ਤ੍ਰਾਹ ਕਰ ਰਹੀ ਹੈ ।

'ਸੰਗਤ' ਲਫ਼ਜ਼ ਦੇ ਪਿਛੇ ਅਤਿ ਡੂੰਘੇ ਅਤੇ ਗੁਝੇ ਭੇਦ ਛੁਪੇ ਹੋਏ ਹਨ, ਜਿਸ ਦੇ ਅੰਤ੍ਰੀਵ ਆਤਮਿਕ ਭਾਵ ਨੂੰ ਸਮਝਣ ਅਤੇ ਅਨੁਭਵ ਕਰਨ ਦੀ ਅਤੀ ਲੋੜ ਹੈ । ਇਸ ਦੀ ਅੰਤ੍ਰੀਵ ਭਾਵਨਾ ਦੀ ਸੋਝੀ ਯਾ ਗਿਆਨ ਤੋਂ ਬਗੈਰ ਅਸੀਂ ਸੰਗਤ ਨੂੰ ਅਸਥੂਲ ਸਰੀਰਕ 'ਮੇਲ-ਜੋਲ ਹੀ ਸਮਝੀ ਬੈਠੇ ਹਾਂ ।

ਇਸ ਲੇਖ ਦੀ ਲੜੀ ਦੁਆਰਾ 'ਸੰਗਤ' ਲਫ਼ਜ਼ ਦੇ ਮਹੱਤਵਪੂਰਨ ਆਸ਼ੇ ਦੀਆ ਅੰਤਰੀਵ ਆਤਮਿਕ ਸੂਖਮ ਭਾਵਨਾਵਾਂ ਨੂੰ ਗੁਰਬਾਣੀ ਦੀ ਰੋਸ਼ਨੀ ਵਿਚ ਅਨੁਭਵੀ ਦ੍ਰਿਸ਼ਟੀਕੋਣ ਤੋਂ ਦਰਸਾਉਣ ਦਾ ਉਦਮ ਕੀਤਾ ਜਾਂਦਾ ਹੈ ।



such as:-

electricity
household appliances
transport systems
comfortable buildings
means of communications
etc.

It is natural for demerits—the opposite of merits— to arise upon the interaction –close association between these elements in the same way as water can get 'clean-dirty', 'bitter-sweet', 'hot-cold', and iron becomes 'rusty' under the influence of air moisture etc.

Man too, by grafting himself with the hue or colour of evil intellect, has researched into the demerits of 'fusion' and 'separation' of these elements, and made them the means of extreme destruction such as (the creation of) -

intoxicating drugs
destructive weapons
missiles
nuclear and chemical bombs
etc.

These devices are becoming the cause of destruction of the creation and mankind and out of fear of dread, people are crying out in agony.

Hidden behind the word 'sangat' are extremely deep and mysterious secrets. It is extremely essential to understand and experience their intrinsic spiritual meaning. Without the awareness or knowledge of this intrinsic meaning, we continue to regard the 'sangat' just as a gross physical interactive gathering.

Through these series of *'Lekhs'* an attempt is being made to explain the intrinsic spiritual subtle sentiments of the important objective of the word *'sangat'* from the experiential view point in the light of Gurbani.

ਸਮੁੰਦਰ ਵਿਚੋਂ 'ਪਾਣੀ' ਉਡ ਕੇ—ਭਾਫ਼, ਬੱਦਲ, ਬਰਫ਼, ਗੜੇ, ਮੀਂਹ, ਨਾਲੇ, ਨਦੀਆਂ, ਦਰਿਆ, ਟੋਏ, ਤਲਾ ਆਦਿ ਅਨੇਕਾਂ 'ਰੂਪ' ਧਾਰਦਾ ਹੋਇਆ ਆਪਣੇ ਸੋਮੇ 'ਸਮੁੰਦਰ' ਵਿਚ ਮੁੜ ਆ ਸਮਾਉਂਦਾ ਹੈ। **ਇਸ ਪਾਣੀ ਦੇ ਅਨੇਕ 'ਰੂਪ'—ਉਸ ਦੀ 'ਸੰਗਤ' ਅਨੁਸਾਰ ਬਦਲਦੇ ਰਹਿੰਦੇ ਹਨ।** ਜਿਹਾ ਕਿ —

ਗਰਮੀ ਦੀ **ਸੰਗਤ** ਕਰਕੇ 'ਭਾਫ਼'
ਠੰਢ ਦੀ **ਸੰਗਤ** ਕਰਕੇ 'ਬੱਦਲ'
ਫੇਰ ਗਰਮੀ ਦੇ **ਅਸਰ ਹੇਠ** 'ਮੀਂਹ'
ਮੀਂਹ ਤੋਂ ਧਰਤੀ ਦੀ **ਹਾਲਤ ਅਨੁਸਾਰ** ਟੋਏ, ਤਲਾ, ਨਾਲੇ, ਨਦੀਆਂ ਅਤੇ ਦਰਿਆਵਾਂ ਦੇ 'ਸਰੂਪ' ਬਣਦੇ ਹਨ।

ਪਰ ਜ਼ਰੂਰੀ ਨੁਕਤਾ ਇਹ ਹੈ ਕਿ ਭਾਵੇਂ 'ਪਾਣੀ' ਨੇ **'ਸੰਗਤ' ਅਨੁਸਾਰ** ਕਈ ਸਰੂਪ ਧਾਰੇ, ਪਰ ਉਸਦੇ **ਅੰਤ੍ਰ-ਆਤਮੇ ਇਕੋ 'ਜੀਵਨ-ਰੌਂ' ਹੀ ਚਲਦੀ ਰਹੀ,** ਅਤੇ **'ਸੰਗਤ' ਅਨੁਸਾਰ ਅਨੇਕਾਂ ਸ਼ਕਲਾਂ,** ਰੇਖਾਂ ਰੰਗਾਂ, ਨਾਵਾਂ ਦੁਆਰਾ ਪ੍ਰਵਿਰਤ ਅਤੇ ਪ੍ਰਗਟ ਹੁੰਦੇ ਰਹੇ, ਅਤੇ ਆਪਣੇ ਸ਼ਹੁ-ਸਾਗਰ ਨੂੰ **ਮਿਲਣ ਦੀ 'ਖਿੱਚ'** ਲਗਾਤਾਰ ਬਣੀ ਰਹੀ।

ਏਸੇ ਤਰ੍ਹਾਂ ਪਾਣੀ ਵਿਚ ਜੋ ਚੀਜ਼ ਪਾਉਂਦੇ ਹਾਂ, ਉਸੇ ਦੇ **ਮਿਲਾਪ ਅਥਵਾ 'ਸੰਗਤ' ਨਾਲ,** ਉਸਦਾ 'ਰੰਗ', 'ਸੁਗੰਧ' ਅਤੇ 'ਸੁਆਦ' ਦਾ **ਅਸਰ ਪਾਣੀ ਲੈਂਦਾ ਹੈ,** ਅਤੇ ਭਾਂਤ-ਭਾਂਤ ਦਾ **'ਮਿਲ-ਗੋਭਾ'** (solution) ਬਣਦਾ ਜਾਂਦਾ ਹੈ। ਭਾਵੇਂ ਇਹ 'ਸਲੂਸ਼ਨ' ਹਰ ਚੀਜ਼ ਦੀ ਰਲਾਵਟ ਨਾਲ ਬਦਲਦਾ ਰਹਿੰਦਾ ਹੈ, ਜਿਸ ਤਰ੍ਹਾਂ ਲੱਸੀ, ਚਾਹ, ਸ਼ਕੰਜਵੀ. ਸ਼ਰਾਬ, ਦਵਾਈਆਂ ਆਦਿ ਅਨੇਕਾਂ ਸ਼ਕਲਾਂ, ਰੰਗਾਂ, ਰੇਖਾਂ, ਨਾਵਾਂ ਹੇਠ ਪ੍ਰਵਿਰਤ ਹੁੰਦਾ ਹੈ—ਪਰ ਇਨ੍ਹਾਂ **ਅਨੇਕਾਂ 'ਜੀਵਨ-ਰੂਪਾਂ'** ਵਿਚ **'ਪਾਣੀ' ਦੀ ਹੋਂਦ ਹੁੰਦੀ ਹੈ।** ਦੂਜੇ ਲਫ਼ਜ਼ਾਂ ਵਿਚ **ਪਾਣੀ ਦੀ 'ਹੋਂਦ' ਤਾਂ ਇਕੋ ਹੀ ਹੈ**— ਪਰ **ਉਸਦੇ ਅਨੇਕ 'ਸਰੂਪ'—ਰਲਾਵਟ ਯਾ 'ਸੰਗਤ' ਅਨੁਸਾਰ ਬਦਲਦੇ ਰਹਿੰਦੇ ਹਨ।**

ਐਨ ਇਸੇ ਤਰ੍ਹਾਂ 'ਜੀਵ' ਦੀ 'ਹੋਂਦ' ਯਾ 'ਜੀਵਨ ਰੌਂ' ਯਾ **'ਜੋਤ' ਤਾਂ ਇਕੋ ਹੀ 'ਸਰਬ-ਰਵਿ-ਰਹੀ-ਭਰਪੂਰ' ਹੈ,** ਪਰ **'ਜੀਵ' ਦੇ ਮਨ ਦਾ 'ਸਰੂਪ',** ਅਥਵਾ **'ਸ਼ਖ਼ਸੀਅਤ' ਉਸਦੀ 'ਸੰਗਤ' ਅਨੁਸਾਰ ਬਦਲਦੀ ਰਹਿੰਦੀ ਹੈ।**

'ਜੀਵਾਂ' ਦੀ **'ਸੰਗਤ'** ਯਾ **'ਮੇਲ-ਜੋਲ'** ਅਤੇ ਇਸ ਦੇ **ਅਸਰਾਂ** ਤੋਂ ਤਾਂ ਅਸੀਂ ਭਲੀ-ਭਾਂਤ ਜਾਣੂ ਹਾਂ, ਕਿਉਂਕਿ ਇਹੁ ਸਾਡੇ ਰੋਜ਼ਾਨਾ ਤਜਰਬੇ ਵਿਚ ਆਉਂਦੀ ਹੈ, ਜਿਹਾ ਕਿ—

ਅਮਲੀਆਂ ਦੀ **ਸੰਗਤ** ਨਾਲ ਅਮਲੀ ਬਣਨਾ,



Water from the sea, evaporating and taking various forms, such as steam, clouds, snow, hail stones, rain and passing through drains, streams, rivers, pits, pools etc. merges again with its original source in the sea. This water changes into various forms according to its association (or interaction) just as:-

In association with heat it becomes 'steam'.
In association with cold it becomes 'clouds'.
Then under the influence of heat it becomes 'rain'.
From the rain are formed pits, pools, drains, streams and rivers ac cording to the condition of the earth.

But the important point is that although the 'water took many forms according to its 'association' (with other agents), in its innermost consciousness there remains only one 'life-current' and despite it having different appearances, streaks, colours, names according to its association), the 'pull' to meet its master ocean continually remained intact.

Similarly as a result of its association, water absorbs the effect of the 'colour', 'smell', 'taste', of whatever we put in it and thus different types of 'solutions' are made. although this 'solution' changes with the addition of everything else, it still exists under different appearances, colours, streaks, names such as lassi (butter-milk), tea, lime-water, liquor, medicine etc. - but in these various life-forms', thee is the existence of 'water'. In other words the existence of water is just one—but its various 'forms' keep on changing according to the mixture or 'association'.

Exactly in the same way, the 'existence 'or 'life-current' or light of 'man' is one which is wholly permeating but man's mind 'form' or 'personality' continues to change according to his 'company'.

We are clearly aware of the influences of the 'company' and 'interaction' of 'men', because this happens in our daily experience, such as—

In the company of addicts one becomes an addict.

L78.4

ਚੋਰਾਂ ਦੀ **ਸੰਗਤ** ਨਾਲ ਚੋਰ (spiritual) ਬਣਨਾ,
ਭੈੜੀ **ਸੰਗਤ** ਨਾਲ ਭੈੜੇ ਬਣਨਾ,
ਚੰਗੀ **ਸੰਗਤ** ਨਾਲ ਚੰਗੇ ਬਣਨਾ,
ਸੰਤਾਂ-ਮਹਾਂਪੁਰਖਾਂ ਦੀ **ਸੰਗਤ** ਨਾਲ ਪ੍ਰਮਾਰਥੀ (spiritual) ਬਣਨਾ,

ਆਦਿ।

ਚੰਦਨ ਵਾਸ ਵਣਾਸਪਤਿ ਸਭ ਚੰਦਨ ਹੋਵੈ।
ਅਸਚ ਧਾਤੁ ਇਕ ਧਾਤੁ ਹੋਇ ਸੰਗਿ ਪਾਰਸਿ ਢੋਵੈ।
ਨਦੀਆ ਨਾਲੇ ਵਾਹੜੇ ਮਿਲਿ ਗੰਗ ਗੰਗੋਵੈ।
ਪਤਿਤ ਉਧਾਰਣੁ ਸਾਧੂ ਸੰਗ ਪਾਪਾ ਮਲੁ ਧੋਵੈ। (ਵਾ. ਭਾ. ਗੁ. 2/16)

ਸੰਗ ਸੁਭਾਉ ਅਸਾਧ ਸਾਧ
ਪਾਪ ਪੁੰਨੁ ਦੁਖੁ ਸੁਖੁ ਫਲ ਪਾਵੈ। (ਵਾ. ਭਾ. ਗੁ. 31/13)

ਦੂਜੇ ਲਫ਼ਜ਼ਾਂ ਵਿਚ **ਅੰਦਰਲੇ ਪੁਰਾਣੇ 'ਅੰਤਿਸ਼ਕਰਨ' ਅਤੇ ਬਾਹਰਲੇ 'ਵਾਤਾਵਰਨ' ਦੀ 'ਸੰਗਤ' ਅਨੁਸਾਰ ਸਾਡਾ ਜੀਵਨ ਬਣਦਾ ਅਤੇ ਬਦਲਦਾ ਰਹਿੰਦਾ ਹੈ।**

**ਜੋ ਜੈਸੀ ਸੰਗਤਿ ਮਿਲੈ ਸੋ ਤੈਸੋ ਫਲੁ ਖਾਇ ॥** (ਪੰਨਾ—1369)

ਜਦ **'ਸੰਗਤ' ਦਾ ਅਸਰ 'ਗੂੜ੍ਹਾ' ਹੋ ਜਾਵੇ ਤਾਂ ਮਨ ਉਤੇ 'ਸੰਗਤ' ਦਾ ਪ੍ਰਭਾਵ 'ਦ੍ਰਿੜ੍ਹ' ਅਤੇ 'ਪੱਕਾ' ਹੋ ਜਾਂਦਾ ਹੈ।** ਇਸ ਤਰ੍ਹਾਂ **ਸਮੁੱਚਾ ਜੀਵਨ ਹੀ ਚੰਗੀ ਯਾ ਮਾੜੀ 'ਸੰਗਤ' ਦੀ 'ਰੰਗਤ' 'ਧਾਰ' ਲੈਂਦਾ ਹੈ।** ਇਸ **ਸੰਗਤ ਦੀ 'ਰੰਗਤ' ਅਨੁਸਾਰ ਅਸੀਂ ਰੋਜ਼ਾਨਾ ਜੀਵਨ ਦੀ 'ਰੋੜ੍ਹ' ਵਿਚ ਸਹਿਜ-ਸੁਭਾਇ ਰੁੜ੍ਹੀ ਜਾ ਰਹੇ ਹਾਂ।**

ਸਾਡੇ **ਰੋਜ਼ਾਨਾ ਜੀਵਨ** ਦਾ—

'ਰੌਂਤ੍ਹ' (routine)
ਪੁੱਠਾ ਗੇੜ
ਖਿਆਲੀ 'ਵੇਗ'
ਆਦਤਾਂ
ਸੁਭਾਓ
ਆਚਰਨ



In the company of thieves one becomes a thief,
In bad company one becomes bad,
In good company one becomes good.
In the company saints-evolved souls one becomes spiritual etc.

1 *The whole vegetation planted near sandal tree becomes fragrant like sandal.*
*Being in touch with the philosophers's stone and the alloy of light metals transforms into one metal (gold).*
*Rivers, streams and brooks after joining the Ganges are known by the name of Ganges.*
*The redeemer of the fallen ones is the holy congregation wherein the dirt of sins is cleansed.* *VBG 2/16*

2 *The association with the sadhus and the wicked*
*invariably produces sin and merit, sorrows and pleasures.* *VBG 31/13*

In other words it is according to the company of our previous internal 'subconsciousness' and external 'environment' that our life is made and undergoes change.

3 *According to the company it keeps, so are the fruits it eats.* *1369*

When the influence of the 'company' becomes intense, then the effect of the 'company' on the mind gets 'ingrained' and becomes 'permanent'. In this way the whole life acquires the 'colouring' of good or bad company. It is according to the 'colouring' of this 'company' that we are being carried away automatically in the 'flow' of our daily lives.

Our daily life's:-

routine
reverse course or cycle
thought 'flow'
habits
behaviour
character

ਇਤਨਾ **'ਦ੍ਰਿੜ੍ਹ' ਅਤੇ ਸ਼ਕਤੀਮਾਨ ਹੋ ਚੁਕਿਆ ਹੈ,** ਕਿ ਅਸੀਂ :—

ਜਾਣਦੇ ਹੋਏ
ਮਹਿਸੂਸ ਕਰਦੇ ਹੋਏ
ਸਮਝਦੇ ਹੋਏ
ਇਛਾ ਕਰਦੇ ਹੋਏ
ਉਦਮ ਕਰਦੇ ਹੋਏ

**ਭੀ ਪੁਰਾਣੀ ਮਾਇਕੀ ਪ੍ਰਣਾਲੀ ਵਿਚੋਂ ਆਪਣੇ ਆਪ ਨਿਕਲ ਨਹੀਂ ਸਕਦੇ, ਅਤੇ ਮੁੜ-ਮੁੜ ਫਸਦੇ ਤੇ ਗਲਤਾਨ ਹੁੰਦੇ ਜਾਂਦੇ ਹਾਂ ।**

ਬਲਕਿ ਮਾਇਕੀ 'ਪੁੱਠੇ ਗੇੜ' ਯਾ 'ਨੀਵੇਂ ਖਿਆਲਾਂ' ਦੇ **'ਵੇਗ' ਇਤਨੇ ਤੇਜ ਤੇ ਤੀਖਣ ਹੋ ਜਾਂਦੇ ਹਨ,** ਕਿ ਸਾਨੂੰ **ਇਸ ਤੋਂ ਬਾਹਰ ਵੱਲ ਤੱਕਣ' ਯਾ** 'ਸੋਚਣ' **ਦਾ ਖਿਆਲ ਭੀ ਨਹੀਂ ਆਉਂਦਾ ।**

ਮਨ ਮੂਰਖ ਅਜਹੂ ਨਹ ਸਮਝਤ ਸਿਖ ਦੈ ਹਾਰਿਓ ਨੀਤ ॥ (ਪੰਨਾ— 536)

ਯਹ ਮਨ ਨੈਕ ਨ ਕਹਿਓ ਕਰੈ ॥
ਸੀਖ ਸਿਖਾਇ ਰਹਿਓ ਅਪਨੀ ਸੀ ਦੁਰਮਤਿ ਤੇ ਨ ਟਰੈ ॥
ਮਦਿ ਮਾਇਆ ਕੈ ਭਇਓ ਬਾਵਰੋ ਹਰਿ ਜਸੁ ਨਹ ਉਚਰੈ ॥
ਕਰਿ ਪਰਪੰਚੁ ਜਗਤ ਕਉ ਡਹਕੈ ਅਪਨੋ ਉਦਰੁ ਭਰੈ ॥
ਸੁਆਨ ਪੂਛ ਜਿਉ ਹੋਇ ਨ ਸੂਧੋ ਕਹਿਓ ਨ ਕਾਨ ਧਰੈ ॥ (ਪੰਨਾ—536)

ਫਿਰਿ ਫਿਰਿ ਫਾਹੀ ਫਾਸੈ ਕਊਆ ॥
ਫਿਰਿ ਪਛੁਤਾਨਾ ਅਬ ਕਿਆ ਹੂਆ ॥ (ਪੰਨਾ—935)

ਕਬੀਰ ਮਨੁ ਜਾਨੈ ਸਭ ਬਾਤ ਜਾਨਤ ਹੀ ਅਉਗਨੁ ਕਰੈ ॥ (ਪੰਨਾ—1376)

ਸਾਡੀ ਇਸ **'ਬੇਵਸੀ' ਯਾ ਮਜਬੂਰੀ** ਦਾ ਸਬੂਤ ਇਹ ਹੈ ਕਿ **ਬਾਵਜੂਦ** ਅਨੇਕਾਂ :—

ਧਰਮਾਂ
ਧਰਮ ਅਸਥਾਨਾਂ
ਧਾਰਮਿਕ ਗ੍ਰੰਥਾਂ
ਗਿਆਨ
ਫਿਲਾਸਫ਼ੀਆਂ



have become so ingrained and powerful that despite

knowing
feeling
understanding
wishing
trying

we cannot come out of the old materialistic system on our own and are again and again entangled and deeply engrossed in it.

Moreover the materialistic 'reverse course (cycle)' or the 'flow of 'base thoughts' becomes so strong and intense that the thought of 'looking' or 'thinking' (of ways and means) of coming out of it does not even arise in us.

1 *The foolish mind has not yet reformed itself, although I have grown weary of continually instructing it.* *536*

2 *This mind does not follow my advice one tiny bit.*
*I am so tired of giving it instructions - it will not refrain from its evil-mindedness.*
*It has gone insane with the intoxication of Maya; it does not chant the Lord's Praise.*
*Practicing deception, it tries to cheat the world, and so it fills its belly. Like a dog's tail, it cannot be straightened; it will not listen to what I tell it.* *536*

3 *Again and again, the crow falls into the trap.*
*Then he regrets it, but what can he do now?* *935*

4 *Kabeer, the mortal knows everything, and knowing, he still makes mistakes.* *1376*

The proof of our 'helplessness' or 'constraint' is that despite many:-

religions
religious places
religious books
knowledge
philosophies

ਪਾਠ-ਪੂਜਾ

ਕਰਮ-ਕਾਂਡਾਂ

ਜੋਗ ਸਾਧਨਾ

**ਦੇ ਇਨਸਾਨ ਦਾ ਮਾਨਸਿਕ ਅਤੇ ਆਤਮਿਕ 'ਜੀਵਨ', ਉਚੇਰਾ ਅਤੇ ਚੰਗੇਰਾ ਹੋਣ ਦੀ ਬਜਾਏ 'ਨਿਘਰਦਾ' ਜਾ ਰਿਹਾ ਹੈ।**

ਇਸ ਦਾ ਕਾਰਨ ਇਹ ਹੈ ਕਿ ਜੀਵ ਦੇ ਜਨਮਾਂ-ਜਨਮਾਂ ਦੀ **ਨੀਵੀਂ ਸੰਗਤ ਦੁਆਰਾ ਬਣੇ ਸੰਸਕਾਰ 'ਅੰਤਿਸ਼ਕਰਨ' ਵਿਚ ਇਤਨੇ ਡੂੰਘੇ ਧਸ, ਵਸ, ਰਸ ਚੁਕੇ ਹਨ ਕਿ ਇਸ ਦੀ ਰੰਗਤ ਦੀ ਜਬਰਦਸਤ 'ਹਵਾੜ' ਯਾ 'ਬਦਬੋ' ਸਾਡੇ ਵਰਤਮਾਨ ਚੰਗੀ ਸੰਗਤ ਦੇ ਅਸਰ ਦੇ ਉਤੋਂ ਦੀ ਹਾਵੀ ਹੋ ਜਾਂਦੀ ਹੈ**—ਯਾ ਇਉਂ ਕਹੋ ਕਿ **ਚੰਗੀ ਧਾਰਮਿਕ ਸੰਗਤ ਦਾ ਅਸਰ ਸਾਡੇ ਉਤੇ ਓਪਰਾ ਜਿਹਾ, ਖਿਨ ਭੰਗਰ—ਹਵਾ ਦੇ ਬੁੱਲੇ ਵਾਂਗ,** ਹੁੰਦਾ ਹੈ ਤੇ **ਛੇਤੀ ਹੀ ਪੁਰਾਣੇ ਦ੍ਰਿੜ੍ਹ ਸੰਸਕਾਰਾਂ ਦਾ ਅਸਰ ਸਹਿਜ-ਸੁਭਾਇ ਉਘੜ ਆਉਂਦਾ ਹੈ।** ਇਸ ਤਰ੍ਹਾਂ ਸਾਡਾ ਮਨ ਪੁਰਾਣੇ ਸੰਸਕਾਰਾਂ ਦੀ ਰੌੜ੍ਹ ਵਿਚ ਬੇ-ਵਸ ਹੋ ਕੇ ਰੁੜ੍ਹੀ ਜਾਂਦਾ ਹੈ।

ਏਸੇ ਲਈ ਜੀਵ ਨੂੰ **ਮਾਇਕੀ ਗਿਲਾਨੀ** ਵਾਲੇ—

ਪੁਠੇ ਗੇੜ

ਨੀਵੇਂ ਖਿਆਲੀ ਵੇਗ

ਆਦਤਾਂ

ਸੁਭਾਓ

ਤੋਂ **ਬਚਣ ਲਈ,** ਗੁਰਬਾਣੀ ਅੰਦਰ—ਬਖਸ਼ੇ ਹੋਏ ਗੁਰਮੁਖ ਪਿਆਰਿਆਂ ਦੀ **ਲਗਾਤਾਰ 'ਸੰਗਤ' ਦਾ ਉਪਦੇਸ਼ ਦ੍ਰਿੜ੍ਹਾਇਆ ਗਿਆ ਹੈ।**

**ਲਗਾਤਾਰ 'ਸਾਧ-ਸੰਗਤ' ਤੋਂ ਬਗੈਰ** ਇਨਸਾਨ ਲਈ, ਮਾਇਕੀ ਗਿਲਾਨੀ ਤੋਂ **ਬਚਣ ਤੇ ਨਿਕਲਣ ਦਾ ਕੋਈ ਹੋਰ ਸਾਧਨ ਹੀ ਨਹੀਂ ਹੈ।**

**ਸਾਧ ਸੰਗਤਿ ਬਿਨੁ ਤਰਿਓ ਨ ਕੋਇ ॥** (ਪੰਨਾ—373)

**ਮਨੁ ਅਸਮਝੁ ਸਾਧ ਸੰਗਿ ਪਤੀਆਨਾ ॥**
ਡੋਲਨ ਤੇ ਚੂਕਾ ਠਹਰਾਇਆ ॥ (ਪੰਨਾ—890)

ਸਾਸਿ ਸਾਸਿ ਸਿਮਰਉ ਪ੍ਰਭੁ ਅਪਨਾ **ਸੰਤ ਸੰਗਿ ਨਿਤ ਰਹੀਐ ॥**
ਏਕੁ ਅਧਾਰੁ ਨਾਮੁ ਧਨੁ ਮੋਰਾ ਅਨਦੁ ਨਾਨਕ ਇਹੁ ਲਹੀਐ ॥ (ਪੰਨਾ—533)



recitation worship

rituals-ceremonies

yogic practices,

man's mental and spiritual 'life', instead of becoming lofty and noble, it is sinking'.

The reason for this is that through the company of previous births, the residual inclinations of these births have penetrated, infiltrated and permeated the 'subconsciousness' so much that the powerful 'steam' or 'odour' of this hue, predominates over the influence of the current good company or it can be said that the effect of the good company on us is superficial, momentary—is like the passing wind and therefore old or entrenched influences of previous lives automatically emerge. In this way our mind gets carried away in the 'flow' of the effects of the previous actions of past lives.

Therefore for man to save himself from the materialistic degrading

reverse course or cycle

flow of base or low thoughts

habits

behaviour,

Gurbani has strongly recommended the continuous (need for exposure to the) counsel of the company of spiritually elevated beloveds.

Without the continuous 'company of the holy' there is no other way for man to save himself or escape from materialistic degradation.

1 *Without the Saadh Sangat, the Company of the Holy, no one swims across.* *373*

2 *The ignorant mind is encouraged, in the Saadh Sangat, the Company of the Holy.*
*Now, it does not waver at all; it has become stable and steady.* *890*

3 *With each and every breath, I meditate in remembrance on my God; I live continually in the Society of the Saints.*
*The Naam, the Name of the Lord, is my only support and wealth; O Nanak, from this, I obtain bliss.* *533*

ਜਿਨਿ ਹਰਿ ਧਿਆਇਆ ਤਿਸ ਨੋ ਸਰਬ ਕਲਿਆਣ ਹੋਏ
**ਨਿਤ ਸੰਤ ਜਨਾ ਕੀ ਸੰਗਤਿ**
**ਜਾਇ ਬਹੀਐ ਮੁਹੁ ਜੋੜੀਐ ॥** (ਪੰਨਾ—550)

ਸਾਡੀ ਸਰੀਰਕ, ਮਾਨਸਿਕ ਅਤੇ **ਆਤਮਿਕ 'ਰੰਗਤ' ਦੀਆਂ 'ਚੰਗੀਆਂ ਯਾ ਮਾੜੀਆ' ਕਿਰਨਾਂ** (Vibrations) ਸਾਡੇ ਅੰਦਰੋਂ ਸਹਿਜ-ਸੁਭਾਇ ਅਵੱਸ਼ ਹੀ ਨਿਕਲ ਕੇ **ਫੈਲਦੀਆਂ ਰਹਿੰਦੀਆਂ ਹਨ,** ਅਤੇ ਜੋ ਭੀ ਇਨ੍ਹਾਂ ਕਿਰਨਾਂ ਦੇ ਦਾਇਰੇ (aura) ਅਥਵਾ **'ਸੰਗਤ' ਵਿਚ ਆਉਂਦਾ ਹੈ, ਉਸ ਉਤੇ ਇਨ੍ਹਾਂ ਕਿਰਨਾਂ ਦੀ 'ਰੰਗਤ' ਦਾ ਅਸਰ ਹੋਣਾ ਲਾਜ਼ਮੀ ਹੈ ।**

ਇਸ ਤਰ੍ਹਾਂ, **'ਸੰਗਤ' ਕਰਨ ਯਾ 'ਮੇਲ-ਜੋਲ' ਕਰਨ ਨਾਲ** ਜੀਵਾਂ ਦੀਆਂ **ਚੰਗੀਆਂ ਯਾ ਮਾੜੀਆਂ 'ਕਿਰਨਾਂ' ਦਾ 'ਅਸਰ' ਅਥਵਾ 'ਲੇਵਾ-ਦੇਵੀ' ਸਹਿਜ-ਸੁਭਾਇ ਅਤੇ ਅਵੱਸ਼ ਹੁੰਦੀ ਰਹਿੰਦੀ ਹੈ,** ਜਿਸ ਦਾ ਸਾਨੂੰ **ਪਤਾ ਹੀ ਨਹੀਂ ਲਗਦਾ ਯਾ ਪਹਿਚਾਨ ਹੀ ਨਹੀਂ ਹੁੰਦੀ । ਪਰ ਇਹ 'ਅਸਰ' ਹੁੰਦਾ ਜ਼ਰੂਰ ਹੈ** ਅਤੇ ਸਮਾਂ ਪਾ ਕੇ **ਅਭਿਆਸ ਨਾਲ ਡੂੰਘਾ, ਤੀਬਰ ਅਤੇ ਸ਼ਕਤੀਮਾਨ ਹੁੰਦਾ ਜਾਂਦਾ ਹੈ ।**

ਕਾਇਨਾਤ ਵਿਚ ਵੱਖ-ਵੱਖ ਦੋ ਮੰਡਲ ਹਨ :—

1. ਆਤਮਿਕ ਮੰਡਲ
2. ਮਾਇਕੀ ਮੰਡਲ

**ਇਹ ਦੋਵੇਂ ਮੰਡਲ ਇਕ ਦੂਜੇ ਦੇ 'ਉਲਟ' ਹਨ ।**

ਇਕ ਪਾਸੇ **'ਆਤਮਿਕ ਮੰਡਲ'** ਵਿਚ :—

ਇਲਾਹੀ 'ਪ੍ਰਕਾਸ਼'
'ਸਚ'
'ਸਬਦ'
'ਹੁਕਮ'
'ਨਾਮ'
ਪਿਆਰ
ਨਿਰਮਲਤਾ
ਸੰਤੋਖ
ਦਇਆ



*He who remembers God obtains all the comforts,*
*We should daily go and sit and associate with the society of evolved persons.* 550

The good or bad vibrations of our physical, mental and spiritual 'colouring' automatically undoubtedly emerge and spread from within us and whatever that comes in (the path of ) of the rays of the aura or associates with it, is bound to be influenced by its 'colour or hue'.

In this way by being in a 'company' or by 'interacting in it, the influence of people's good or bad 'vibrations' keeps on taking place automatically. We are not even aware of all this or are unable to recognise (its existence). But this influence definitely takes place and with the passing of time and through practice it becomes deep, intense and powerful.

In this creation there are two realms:-

1 The spiritual realm
2 The materialistic realm

These two realm are contrary to or opposite of each other.

On the one hand in the 'spiritual realm' thee is the existence and the expression of divine merits or virtues such as:-

divine 'illumination'
'truth'
'Shabad' or Word
'command'
'Naam'
love
purity
contentment
mercy

ਧੀਰਜ
ਧਰਮ
ਸੇਵਾ
ਨਿਮਰਤਾ
ਪਰਉਪਕਾਰ
ਸ਼ਾਂਤੀ

**ਆਦਿ, ਦੇ ਦੈਵੀ ਗੁਣਾਂ ਦੀ ਪ੍ਰਵਿਰਤੀ ਅਤੇ ਪ੍ਰਗਟਾਵਾ ਹੈ ।**

ਦੂਸਰੇ ਪਾਸੇ **'ਮਾਇਕੀ ਮੰਡਲ'** ਵਿਚ—

ਅਗਿਆਨਤਾ
ਭਰਮ
ਹੰਕਾਰ
ਕਾਮ
ਕ੍ਰੋਧ
ਲੋਭ
ਮੋਹ
ਸ਼ਕ
ਡਰ
ਖੁਦਗਰਜ਼ੀ
ਈਰਖਾ
ਦਵੈਤ
ਦੁਖ
ਕਲੇਸ਼
ਕੁਲਝਣਾ

ਆਦਿ, ਦੇ **ਅਉਗਣਾਂ ਦਾ ਬੋਲਬਾਲਾ ਤੇ ਵਰਤ-ਵਰਤਾਰਾ ਹੈ ।**

ਇਸ ਲਈ ਜੇ ਅਸੀਂ ਆਪਣੇ **ਜੀਵਨ ਨੂੰ ਚੰਗੇਰਾ, ਉਚੇਰਾ, ਸੁਹਣੇਰਾ ਅਤੇ 'ਦੈਵੀ' ਬਣਾਉਣਾ ਚਾਹੁੰਦੇ ਹਾਂ ਤਾਂ ਸਾਨੂੰ—**

1. ਮਾਇਕੀ ਮੰਡਲ ਅਥਵਾ ਦੁਨੀਆਂਦਾਰੀ ਵਿਚ ਗਲਤਾਨ ਹੋਏ **ਮਨਮੁਖਾਂ ਦੀ 'ਸੰਗਤ' 'ਤਿਆਗਣੀ' ਪਵੇਗੀ,** ਅਤੇ



patience
religion
service
humility
charity
peace (calmness)

etc.

On the other hand in the 'materialistic realm' there is the flourishing and prevalence of demerits or shortcomings such as:-

ignorance
illusion
egotism
passion or lust
anger
greed
attachment
suspicion
fear
self-interest
jealousy
duality
pain
suffering
anguish.

Therefore if we wish to make our lives better, loftier, more beautiful and divine then we have to:-

1 'Forsake' the company of self willed people who are immersed in the materialistic realm and in worldly affairs.

2. ਬਖਸ਼ੇ ਹੋਏ ਗੁਰਮੁਖ ਪਿਆਰਿਆਂ ਦੀ **'ਸੰਗਤ' ਕਰਨੀ ਪਵੇਗੀ ।**

ਇਸ ਦਾ ਮਤਲਬ ਇਹ ਹੈ ਕਿ ਸਾਨੂੰ **ਪਹਿਲੀ ਪੁਰਾਣੀ 'ਜੀਵਨ ਰੋੜ੍ਹ' ਦੇ 'ਹਰ ਪੱਖ' ਅਥਵਾ :—**

ਖਿਆਲ
ਸੋਚਣੀ
ਚਿਤਵਣੀ
ਨਿਸਚਾ
ਟੇਕ
ਜੀਵਨ ਸੇਧ
ਰੁਚੀਆਂ
ਰੀਝਾਂ
ਗਿਆਨ
ਕਰਮ
ਆਦਤਾਂ
ਸੁਭਾਓ
ਆਚਰਣ

ਆਦਿ, **ਬਦਲਣੇ ਪੈਣਗੇ ਅਤੇ ਉਹਨਾਂ ਤੋਂ**

**ਐਨ ਉਲਟ**

**ਆਤਮਿਕ ਮੰਡਲ ਅਥਵਾ 'ਉੱਤਮ ਸੰਗਤ' ਦੇ ਦੈਵੀ ਗੁਣ 'ਧਾਰਨੇ' ਪੈਣਗੇ,** ਜਿਹਾ ਕਿ—

ਸ਼ਰਧਾ ਭਾਵਨੀ
ਪ੍ਰੇਮ ਭਾਵਨਾਂ
ਦਇਆ
ਸਤ
ਸੰਤੋਖ
ਧੀਰਜ
ਖਿਮਾ
ਨਿਮਰਤਾਂ



2 Join the 'company' of guru-orientated spiritually evolved beloveds.

This means that we have to change every aspect of our old 'life-routine' such as:-

thought
thinking
resolve
faith
support
life goals
inclinations
wishes
knowledge
actions
habits
behaviour
character

etc. and moving (in the direction that is)

completely contrary

to them, we have to acquire the divine merits (or virtues) of the spiritual realm or 'lofty company', - (virtues) such as

faith filled desire
love filled longing
mercy
truth
contentment
patience
forgiveness
humility

ਵਿਸ਼ਾਲਤਾ

ਮੈਤ੍ਰੀ-ਭਾਵ

ਸੇਵਾ ਭਾਵ

ਆਪਾਵਾਰਨਾ, ਆਦਿ ।

ਇਸ ਲਈ ਗੁਰਬਾਣੀ ਵਿਚ **'ਸਾਧ ਸੰਗਤ'** ਅਥਵਾ ਬਖਸ਼ੇ ਹੋਏ ਗੁਰਮੁਖ ਜਨਾਂ ਦੀ ਸੰਗਤ ਕਰਨ ਦੀ ਪ੍ਰੇਰਨਾ ਅਤੇ ਤਾਕੀਦੀ ਹੁਕਮ ਹੈ :—

ਆਵਹੁ ਸੰਤਹੁ ਮਿਲਿ ਨਾਮੁ ਜਪਾਹਾ ॥
ਵਿਚਿ ਸੰਗਤਿ ਨਾਮੁ ਸਦਾ ਲੈ ਲਾਹਾ ਜੀਉ ॥ (ਪੰਨਾ—173)
ਸਾਧੂ ਸੰਗੁ ਕਰਹੁ ਸਭੁ ਕੋਇ ॥
ਸਦਾ ਕਲਿਆਣ ਫਿਰਿ ਦੂਖੁ ਨ ਹੋਇ ॥ (ਪੰਨਾ—196)
ਗੋਬਿੰਦ ਜਸੁ ਗਾਈਐ ਹਰਿ ਨੀਤ ॥
ਮਿਲਿ ਭਜੀਐ ਸਾਧ ਸੰਗਿ ਮੇਰੇ ਮੀਤ ॥ (ਪੰਨਾ—296)
ਤਾ ਕੀ ਪੂਰਨ ਆਸ ਜਿਨ੍ ਸਾਧ ਸੰਗੁ ਪਾਇਆ ॥
ਸਾਧ ਸੰਗਿ ਹਰਿ ਕੈ ਰੰਗਿ ਗੋਬਿੰਦ ਸਿਮਰਣ ਲਾਗਿਆ ॥ (ਪੰਨਾ—457)
ਤਿਤੁ ਜਾਇ ਬਹਹੁ ਸਤ ਸੰਗਤੀ ਜਿਥੈ ਹਰਿ ਕਾ ਹਰਿਨਾਮੁ ਬਿਲੋਈਐ ॥
ਸਹਜੇ ਹੀ ਹਰਿਨਾਮੁ ਲੇਹੁ ਹਰਿ ਤਤੁ ਨ ਖੋਈਐ ॥ (ਪੰਨਾ—587)
ਹੋਇ ਇਕਤ੍ਰ ਮਿਲਹੁ ਮੇਰੇ ਭਾਈ ਦੁਬਿਧਾ ਦੂਰਿ ਕਰਹੁ ਲਿਵ ਲਾਇ ॥
ਹਰਿ ਨਾਮੈ ਕੇ ਹੋਵਹੁ ਜੋੜੀ ਗੁਰਮੁਖਿ ਬੈਸਹੁ ਸਫਾ ਵਿਛਾਇ ॥ (ਪੰਨਾ—1185)
ਸੰਤ ਜਨਹੁ ਮਿਲਿ ਭਾਈਹੋ ਸਚਾ ਨਾਮੁ ਸਮਾਲਿ ॥ (ਪੰਨਾ—49)
ਮਨ ਪਿਆਰਿਆ ਜੀਉ ਮਿਤ੍ਰਾ ਕਰਿ ਸੰਤਾ ਸੰਗਿ ਨਿਵਾਸੋ ॥ (ਪੰਨਾ—79)
ਸੰਤ ਜਨਾ ਕੈ ਸੰਗਿ ਮਿਲੁ ਬਉਰੇ ਤਉ ਪਾਵਹਿ ਮੋਖ ਦੁਆਰੁ ॥ (ਪੰਨਾ—1200)
ਸਾਧਨ ਕਾ ਸੰਗੁ ਸਾਧ ਸਿਉ ਗੋਸਟਿ
ਹਰਿ ਸਾਧਨ ਸਿਉ ਲਿਵ ਲਾਉ ॥ (ਪੰਨਾ—1202)
ਸਤ ਸੰਗਤਿ ਮਿਲੁ ਭਜੁ ਰਾਮ ॥
ਬਡ ਹੋ ਹੋ ਭਾਗ ਮਥਾਮ ॥ (ਪੰਨਾ—1297)
ਕਬੀਰ ਸੰਤ ਕੀ ਗੈਲ ਨ ਛੋਡੀਐ ਮਾਰਗਿ ਲਾਗਾ ਜਾਉ ॥
ਪੇਖਤ ਹੀ ਪੁੰਨੀਤ ਹੋਇ ਭੇਟਤ ਜਪੀਐ ਨਾਉ ॥ (ਪੰਨਾ—1371)

**ਅਕਾਲ ਪੁਰਖ 'ਪ੍ਰੇਮ ਸਰੂਪ' ਹੈ ।**



capaciousness (big heartedness)

prevalence of kinship (interconnectedness)

service orientatedness

sacrificing oneself, etc.

For this reason in Gurbani (we find) motivation and mandatory commands (urging us) to participate in the sadh-sangat, the holy congregation:-
or keep the company of spiritually evolved guru orientated beloveds:-

1 *Come, O Saints - let's meet together and chant the Naam, the Name of the Lord.*
*In the Sangat, the Holy Congregation, let's earn the lasting profit of the Naam.* 173

*Everyone who joins the Saadh Sangat, the Company of the Holy,*
*obtains eternal peace; pain does not afflict them any longer.* 196

3 *Sing the Praises of the Lord, the Lord of the Universe, each and every day.*
*Join the Saadh Sangat, the Company of the Holy, and vibrate, meditate on Him, O my friend.* 296

4 *One who attains the Saadh Sangat, the Company of the Holy, has his desires fulfilled.*
*In the Saadh Sangat, immerse yourself in the Love of the Lord; remember the Lord of the Universe in meditation.* 457

5 *Go, and sit in the Sat Sangat, the True Congregation, where the Name of the Lord is churned.*
*In peace and poise, contemplate the Lord's Name - don't lose the essence of the Lord.* 587

6 *Come and join together, O my Siblings of Destiny; dispel your sense of duality and let yourselves be lovingly absorbed in the Lord.*
*Let yourselves be joined to the Name of the Lord; become Gurmukh, spread out your mat, and sit down.* 1185

7 *Meet with the humble Saints, O Siblings of Destiny, and contemplate the True Name.* 49

8 *O dear beloved mind, my friend, abide in the Society of the Saints.* 79

9 *So join together with the humble Saints, O madman, and you shall find the Gate of Salvation.* 1200

10 *I speak with the Company of the Holy; I am in love with the Holy people of the Lord.* 1202

11 *Joining the Sat Sangat, the True Congregation, vibrate and meditate on the Lord. This is the high destiny written on your forehead.* 1297

12 *Kabeer, do not leave the Society of the Saints; walk upon this Path.*
*See them, and be sanctified; meet them, and chant the Name.* 1371

The Timeless Being is the 'embodiment of love'.

ਪ੍ਰੇਮ ਦੀਆਂ ਭਾਵਨਾਵਾਂ ਆਪਣੇ ਆਪ ਵਿਚ ਸੰਪੂਰਨ ਨਹੀਂ ਹੋ ਸਕਦੀਆਂ- 'ਪ੍ਰੇਮ' ਭਾਵਨਾਵਾਂ ਦੀ ਪ੍ਰਵਿਰਤੀ ਅਤੇ ਸੰਪੂਰਨਤਾ ਲਈ ਪ੍ਰੇਮ ਦੇ ਦੋ ਪੱਖ ਲੋੜੀਂਦੇ ਹਨ ।

ਇਕ ਪਾਸੇ—ਪਿਆਰ ਕਰਨਾ, ਤੇ

ਦੂਜੇ ਪਾਸੇ—'ਪ੍ਰੇਮ' ਗ੍ਰਹਿਣ ਕਰਕੇ ਉਸ ਦੇ ਜਵਾਬ ਵਿਚ ਪ੍ਰੇਮ ਦੁਆਰਾ ਪ੍ਰਤੀਕਰਮ (response) ਵਿਖਾਉਣਾ ।

ਇਸ ਲਈ 'ਪ੍ਰਿਮ-ਖੇਲ' ਵਿਚ ਦੋ 'ਜੀਵ ਆਤਮਾਵਾਂ' ਦਾ ਅੰਤ੍ਰ-ਆਤਮੇ —

ਮੇਲ ਜੋਲ
ਸੰਗ
ਸਾਂਝ
ਲੇਵਾ-ਦੇਵੀ
ਬਿਉਹਾਰ

ਹੋਣਾ ਲਾਜਮੀ ਹੈ ।

ਇਸ 'ਪ੍ਰੇਮ ਡਰਾਮੇ' ਲਈ ਦੋ 'ਪ੍ਰੇਮੀਆਂ' ਦੀ ਲੋੜ ਹੈ—

ਇਕ ਪਾਸੇ—ਪ੍ਰੇਮ ਕਰਤਾ (lover) ਹੈ ।
ਦੂਜੇ ਪਾਸੇ—ਮਹਿਬੂਬ (beloved) ਹੈ ।

ਇਹਨਾਂ ਦੋਹਾਂ ਪ੍ਰੇਮੀਆਂ ਵਿਚਕਾਰ ਪ੍ਰੇਮ ਦੀਆਂ—

ਲਹਿਰਾਂ
ਭਾਵਨਾਵਾਂ
ਵਲਵਲਿਆਂ
ਕੋਮਲ ਤਰੰਗਾਂ
ਪ੍ਰੇਮ ਸਵੈਪਨਾਵਾਂ

ਨੂੰ ਹੀ :—

ਪ੍ਰੀਤ ਡੋਰੀ
ਪ੍ਰੀਤ ਹਿੰਡੋਲੇ
ਪ੍ਰੀਤ ਬੋਲੀ
'ਪ੍ਰੇਮ ਲੇਵਾਦੇਵੀ'



The desires of love cannot be fulfilled by their own selves. In the existence and fulfillment of 'love' desires, two aspects of love are needed.

One aspect - to love, and the
Second aspect - having received love to respond with love.

Therefore in the 'play of love' it is a must for the 'two individual souls' to have -

interaction
company
sharing
give and take or commune
dealings

in their innermost consciousness.

For this 'love-drama' tow 'lives' are needed—

On one side — the lover
On the other side — the beloved.

The love (filled)

waves
desires
emotions
tender impulses
innate self love

between these two lovers are indeed said to be —

the cord of love
the swing of love
the language of love
the give and take or communion of love

**‘ਪ੍ਰੇਮ ਵਣਜ’**

**‘ਪ੍ਰਿਮ ਖੇਲ’**

**‘ਵਸਲ’** (ਮੇਲ)

ਕਿਹਾ ਜਾਂਦਾ ਹੈ।

ਸਾਰੀ ਕਾਇਨਾਤ ਦੇ ‘ਜੀਵਾਂ’ ਦਾ **‘ਪ੍ਰੇਮੀ’** (lover) **ਅਕਾਲ ਪੁਰਖ ਹੈ।** ਤਦੇ ਉਸ ਨੂੰ ਗੁਰਬਾਣੀ ਵਿਚ **‘ਪ੍ਰੇਮ-ਪੁਰਖ’** ਅਤੇ **‘ਅਤਿ ਪ੍ਰੀਤਮ’ ਕਿਹਾ ਗਿਆ ਹੈ।**

ਇਸ ਇਲਾਹੀ **‘ਪ੍ਰਿਮ-ਖੇਲ’ ਦੇ ‘ਅਖਾੜੇ’ ਨੂੰ ਸੰਪੂਰਨ ਕਰਨ ਲਈ ਅਕਾਲ ਪੁਰਖ ਨੇ ਆਪਣੀ ਜੋਤ ‘ਜੀਵਾਂ’ ਵਿਚ ਧਰ ਕੇ** ਆਪਣੀ **‘ਅੰਸ’** ਅਥਵਾ **ਆਤਮਿਕ ‘ਪਰਿਵਾਰ’ ਸਾਜਿਆ** ਅਤੇ ਇਸ **‘ਆਤਮਿਕ ਪਰਵਾਰ’ ਨਾਲ ‘ਮਾਂ’-‘ਬਾਪ’ ਦੀ ਤਰ੍ਹਾਂ ਪਿਆਰ ਕਰਦਾ ਤੇ ਲਾਡ ਲਡਾਉਂਦਾ ਹੈ।**

ਹਰਿ ਜੀ ਮਾਤਾ ਹਰਿ ਜੀ ਪਿਤਾ ਹਰਿ ਜੀਉ ਪ੍ਰਤਿਪਾਲਕ ॥
ਹਰਿ ਜੀ ਮੇਰੀ ਸਾਰ ਕਰੇ ਹਮ ਹਰਿ ਕੇ ਬਾਲਕ ॥
ਸਹਜੇ ਸਹਜਿ ਖਿਲਇਦਾ ਨਹੀ ਕਰਦਾ ਆਲਕ ॥
ਅਉਗਣੁ ਕੋ ਨ ਚਿਤਾਰਦਾ ਗਲ ਸੇਤੀ ਲਾਇਕ ॥
ਮੁਹਿ ਮੰਗਾ ਸੋਈ ਦੇਵਦਾ ਹਰਿ ਪਿਤਾ ਸੁਖਦਾਇਕ ॥ (ਪੰਨਾ—1101)
ਖੇਲਿ ਖਿਲਾਇ ਲਾਡ ਲਾਡਾਵੈ ਸਦਾ ਸਦਾ ਅਨਦਾਈ ॥
ਪ੍ਰਤਿਪਾਲੈ ਬਾਰਿਕ ਕੀ ਨਿਆਈ ਜੈਸੇ ਮਾਤ ਪਿਤਾਈ ॥ (ਪੰਨਾ—1214)

ਭਾਵੇਂ ਸਾਡਾ **ਆਤਮਿਕ ‘ਮਾਤਾ-ਪਿਤਾ’—ਆਪਣੀ ‘ਅੰਸ’—ਬਚਿਆਂ ਅਥਵਾ ‘ਜੀਵਾਂ’ ਨਾਲ :—**

‘ਸਦਾ ਅੰਗ ਸੰਗੇ’
‘ਨਾਲ ਹੋਵੰਦਾ’
‘ਲਹਿ ਨ ਸਕੰਦਾ’
‘ਰਖੈ ਜੀਅ ਨਾਲੇ’
‘ਪ੍ਰਤਿ-ਪਾਲੇ’
‘ਨਿਤ-ਸਾਰ ਸਮਾਲੇ’
‘ਲਾਡ ਲਡਾਉਂਦਾ’
‘ਖੇਲ ਖਿਲਾਉਂਦਾ’
‘ਅਉਗਣ ਕੋ ਨ ਚਿਤਾਰਦਾ’



the ‘transaction of love’
the ‘play of love’
the ‘union’.

The Timeless Being is the ‘lover’ of all the beings in the whole creations. That is why He is referred to in Gurbani as ‘Being of love’ or the ‘very dear lover’.

To complete the arena of this ‘play of love’, the Timeless Being put His light in His creatures and created His ‘off-springs’ or spiritual ‘family’. Just like (our) ‘parents’, HE loves and cuddles this ‘spiritual family’.

*The Dear Lord is my mother, the Dear Lord is my father; the Dear Lord*
*cherishes and nurtures me.*
*The Dear Lord takes care of me; I am the child of the Lord.*
*Slowly and steadily, He feeds me; He never fails.*
*He does not remind me of my faults; He hugs me close in His embrace.*
*Whatever I ask for, He give me; the Lord is my peace-giving father.* 1101

2 *He plays with me, He fondles and caresses me. Forever and ever, He blesses me with bliss.*
*He cherishes me, like the father and the mother love their child.* 1214

Although our Divine ‘Mother-Father’ (interacting) with His ‘off-springs or children

‘is forever with us’
‘exists with us’
‘is unable to separate’ (from us)
‘nurtures us’
‘ever looks after everyone’
‘joyfully cuddles us’
‘joyfully plays with us’
does not remind us of our demerits’

'ਕਦੇ ਨ ਬੋਲੈ ਕਉਰਾ'

'ਪ੍ਰੇਮ ਸਹਿਤ ਗਲਿ ਲਾਵੈ'

'ਭਲਾ ਮਨਾਇਦਾ'

'ਨਹੀਂ ਕਰਦਾ ਆਲਕ'

'ਪਿਆਰ ਕਰਦਾ'

'ਪ੍ਰੀਤ-ਡੋਰੀ' ਨਾਲ ਖਿਚਦਾ

ਹੈ, ਪਰ ਅਸੀਂ ਦਿਸਣਹਾਰ ਮਾਇਕੀ ਦੁਨੀਆਂ ਦੀ 'ਸੰਗਤ' ਵਿਚ ਇਤਨੇ ਗਲਤਾਨ ਹੋ ਗਏ ਹਾਂ ਕਿ ਅਸੀਂ ਆਪਣੇ 'ਪ੍ਰੀਤਮ' ਅਥਵਾ ਦੈਵੀ 'ਮਾਂ-ਬਾਪ' ਨੂੰ ਹੀ 'ਭੁਲ' ਗਏ ਹਾਂ। ਇਸ 'ਭੁਲ' ਅਥਵਾ 'ਨਾਸਤਿਕਤਾ' ਦੀ ਵਜਾਹ ਨਾਲ 'ਪ੍ਰੀਤਮ' 'ਪ੍ਰੇਮ-ਪੁਰਖ' ਅਥਵਾ ਇਲਾਹੀ 'ਮਾਤਾ ਪਿਤਾ' ਨਾਲੋਂ ਸਾਡਾ ਮਾਨਸਿਕ 'ਸੰਬੰਧ' ਟੁਟ ਗਿਆ ਹੈ।

ਇਸ ਤਰਾਂ ਆਪਣੇ 'ਪ੍ਰੀਤਮ' ਅਥਵਾ 'ਪ੍ਰੇਮ ਪੁਰਖ' ਤੋਂ 'ਬੇਮੁਖ' ਹੋ ਕੇ—

ਇਲਾਹੀ ਨਿੱਘੀ ਗੋਦ

ਰੱਬੀ ਹਜ਼ੂਰੀ

ਰੱਬੀ ਸਰਪਰਸਤੀ

ਰੱਬੀ ਹਮਦਰਦੀ

ਰੱਬੀ ਪਿਆਰ

ਰੱਬੀ ਦਾਤਾਂ

ਰੱਬੀ ਸ਼ਕਤੀ

ਰੱਬੀ ਲਾਡ

ਪ੍ਰਿਮ-ਰਸ

ਇਲਾਹੀ ਰੰਗ

ਰਬੀ ਖੇੜਾ

ਰੱਬੀ ਚਾਉ

ਰੱਬੀ ਸਾਂਝ

ਇਲਾਹੀ ਵਿਰਸੇ

ਤੋਂ ਵਾਂਝਿਆ ਰਹਿੰਦੇ ਹਾਂ।



'does not speak rudely'

'hugs (us) with love'

'heaps goodwill (on us'

'is not lazy'

'love (us)'

'pulls us with (His) love cord',

but we have become so absorbed in the visible 'company' of the materialistic world that we have forgotten our 'Beloved' or divine 'Mother and Father'. Because of this 'forgetfulness' or 'atheism', our mental connection with our Beloved, the 'Love-Being' or 'divine Mother-Father' has broken or snapped.

By disregarding or tuning away form our 'Beloved' or 'Love Being' in this way we remain deprived of His:-

divine warm bosom

divine presence

divine guardianship

divine sympathy

divine love

divine gifts

divine power

divine affection

essence of love

divine hue or colour

divine happiness

divine joy

divine partnership

divine inheritance.

ਹਮ ਬਾਰਿਕ ਦੀਨ ਪਿਤਾ ਪ੍ਰਭ ਮੇਰੇ ਜਿਉ ਜਾਨਹਿ ਤਿਉ ਪਾਰੈ ॥
ਜਬ ਭੂਖੌ ਤਬ ਭੋਜਨੁ ਮਾਂਗੈ ਅਘਾਏ ਸੂਖ ਸਘਾਰੈ ॥
ਤਬ ਅਰੋਗ ਜਬ **ਤੁਮ ਸੰਗਿ ਬਸਤੌ** ਛੁਟਕਤ ਹੋਇ ਰਵਾਰੈ ॥ (ਪੰਨਾ—1214)

**ਰਬੀ 'ਪ੍ਰੇਮ-ਤਾਰ' ਅਥਵਾ ਨਾਮ ਨਾਲੋਂ 'ਟੁਟ ਕੇ'** ਅਸੀਂ **ਇਲਾਹੀ ਹਜ਼ੂਰੀ ਦੀ 'ਸੰਗਤ' ਨਹੀਂ ਕਰ ਸਕਦੇ** ਅਤੇ ਸਾਡਾ **ਆਤਮਿਕ ਮੰਡਲ ਵਿਚ 'ਲੇਵਾ-ਦੇਵੀ' ਅਥਵਾ 'ਵਣਜ-ਵਪਾਰ' ਨਹੀਂ ਹੋ ਸਕਦਾ** ਅਤੇ ਆਪਣੇ **'ਅਤਿ ਪ੍ਰੀਤਮ' ਦੇ ਪਿਆਰ ਭਾਵਨਾ ਨੂੰ ਗ੍ਰਹਿਣ ਕਰਨ ਤੋਂ 'ਅਸਮਰਥ' ਹਾਂ।** ਇਸ ਲਈ ਅਸੀਂ **ਇਲਾਹੀ ਪਿਆਰ ਦਾ ਜਵਾਬ** (response) **ਨਹੀਂ ਦੇ ਸਕਦੇ।**

ਜੀਵਾਂ ਦੇ ਅੰਦਰ **'ਇਲਾਹੀ ਜੋਤ' ਦਾ ਸਦਕਾ-ਪ੍ਰੇਮ ਦੀ 'ਅੰਸ' ਮੌਜੂਦ ਹੈ।** ਜਿਸ ਕਾਰਨ **'ਜੀਵ' ਨੂੰ ਭੀ ਕਿਸੇ ਹੋਰ 'ਜੀਵ' ਨਾਲ 'ਪਿਆਰ-ਖਿਚ' ਦੁਆਰਾ 'ਸੰਗਤ' ਕਰਨ ਦੀ ਲੋੜ ਭਾਸਦੀ ਹੈ।** ਇਸ ਲਈ ਜੀਵ **ਆਪਣੇ ਵਰਗੇ ਹੋਰ 'ਤੁਟਿਆ' ਹੋਇਆ ਮਾਇਆਧਾਰੀ ਜੀਵਾਂ ਨਾਲ** :—

**'ਸੰਗ' ਕਰਦਾ ਹੈ**
**'ਮੋਹ' ਵਧਾਉਂਦਾ ਹੈ**
**'ਮੇਲ-ਜੋਲ' ਕਰਦਾ ਹੈ**
**ਬਿਉਹਾਰ ਕਰਦਾ ਹੈ**
**ਧੋਖੇ ਖਾਂਦਾ ਹੈ**
**ਪਛਤਾਉਂਦਾ ਹੈ**
**ਨਿਤ 'ਤੋਟੇ' ਝਲਦਾ ਹੈ**

ਅਤੇ **ਇਸ 'ਵਣਜ ਵਪਾਰ' ਵਿਚ ਗਲਤਾਨ ਹੋ ਕੇ ਖੁਆਰ ਹੁੰਦਾ ਹੈ।**

ਹਉਮੈ ਮਮਤਾ ਮੋਹਣੀ ਮਨਮੁਖਾ ਨੋ ਗਈ ਖਾਇ ॥
ਜੋ ਮੋਹਿ ਦੂਜੈ ਚਿਤੁ ਲਾਇਦੇ ਤਿਨਾ ਵਿਆਪਿ ਰਹੀ ਲਪਟਾਇ ॥ (ਪੰਨਾ-513)

ਜੋ ਮੋਹਿ ਮਾਇਆ ਚਿਤੁ ਲਾਇਦੇ ਮੇਰੀ ਜਿੰਦੁੜੀਏ
ਸੇ ਅੰਤਿ ਗਏ ਪਛੁਤਾਣੇ ਰਾਮ ॥ (ਪੰਨਾ-540)

ਮਨਮੁਖ ਸੇਤੀ ਦੋਸਤੀ ਥੋੜੜਿਆ ਦਿਨ ਚਾਰਿ ॥
ਇਸੁ ਪਰੀਤੀ ਤੁਟਦੀ ਵਿਲਮੁ ਨ ਹੋਵਈ
ਇਤੁ ਦੋਸਤੀ ਚਲਨਿ ਵਿਕਾਰ ॥ (ਪੰਨਾ-587)



1 *I am Your meek and helpless child; You are God my Father. As You know me, You save me.*
*When I am hungry, I ask for food; when I am full, I am totally at peace.*
*When I dwell with You, I am free of disease; if I become separated from You, turn to dust.* 1214

Breaking away from the divine ''wire of love' or Naam, we cannot have the 'company ' of Divine presence and there can be no 'give and take' (interaction) or 'trade' in the spiritual realm and we remain incapable of acquiring the love filled desires of our 'dearest beloved'. For this reason we are unable to respond to the divine love.

Due to the 'divine Light' in human beings, the constituent of love is present in them. It is because of this that through the love-pull one feels the necessity of having the 'company' of another. Therefore, man

associates
gets more attached
interacts
carries out deals
gets deceived
regrets
daily bears losses

in the company of someone who like himself is 'alienated (from) and attached to, worldly possessions. Thus getting entangles in this trade experiences, he suffers.

2 *By egotism and pride, the self-willed manmukhs are enticed, and consumed. Those who center their consciousness on duality are caught in it, and remain stuck.* 513

3 *Those who attach their consciousness to emotional attachment and Maya, O my soul, depart regretfully in the end.* 540

4 *Friendship with the self-willed manmukhs lasts for only a few short days. This friendship is broken in an instant; this friendship leads to corruption. 5 87*

ਮਨਮੁਖਾ ਕੇਰੀ ਦੋਸਤੀ ਮਾਇਆ ਕਾ ਸਨਬੰਧੁ ॥
ਵੇਖਦਿਆ ਹੀ ਭਜਿ ਜਾਨਿ ਕਦੇ ਨ ਪਾਇਨਿ ਬੰਧੁ
ਜਿਚਰੁ ਪੈਨਨਿ ਖਾਵਨੇ ਤਿਚਰੁ ਰਖਨਿ ਗੰਢੁ ॥
ਜਿਤੁ ਦਿਨਿ ਕਿਛੁ ਨ ਹੋਵਈ ਤਿਤੁ ਦਿਨਿ ਬੋਲਨਿ ਗੰਧੁ ॥
ਜੀਅ ਕੀ ਸਾਰ ਨ ਜਾਣਨੀ ਮਨਮੁਖ ਅਗਿਆਨੀ ਅੰਧੁ ॥ (ਪੰਨਾ-959)

ਤਨੁ ਧਨੁ ਬਿਨਸੈ ਸਹਸੈ ਸਹਸਾ
ਫਿਰਿ ਪਛੁਤਾਵੈ ਮੁਖਿ ਧੂਰਿ ਪਰੈ ॥ (ਪੰਨਾ-1014)

ਕੂੜੋ ਕੂੜੁ ਕਰੇ ਵਾਪਾਰਾ ਕੂੜੁ ਬੋਲਿ ਦੁਖੁ ਪਾਇਦਾ ॥ (ਪੰਨਾ1062)

ਸਾਕਤ ਸਿਉ ਮੁਖਿ ਜੋਰਿਐ ਅਧਵੀਚਹੁ ਟੂਟੈ ॥ (ਪੰਨਾ-811)

**ਇਸ ਲਈ ਗੁਰਬਾਣੀ ਵਿਚ ਜੀਵਾਂ ਨੂੰ 'ਰਬ' ਨਾਲੋਂ ਟੁਟਿਆ ਹੋਇਆ ਮਨਮੁਖਾਂ, ਦੁਨੀਆਦਾਰਾਂ ਅਥਵਾ 'ਸਾਕਤਾਂ' ਦੀ ਸੰਗਤ ਤੋਂ ਬਚਣ ਦੀ ਤਾੜਨਾ ਕੀਤੀ ਹੈ।**

ਤੇ ਸਾਕਤ ਚੋਰ ਜਿਨਾ ਨਾਮੁ ਵਿਸਾਰਿਆ
ਮਨ ਤਿਨ ਕੈ ਨਿਕਟਿ ਨ ਭਿਟੀਐ ॥ (ਪੰਨਾ-170)

ਝੂਠੇ ਕੀ ਰੇ ਝੂਠੁ ਪਰੀਤਿ ਛੁਟਕੀ ਰੇ ਮਨ ਛੁਟਕੀ ਰੇ
ਸਾਕਤ ਸੰਗਿ ਨ ਛੁਟਕੀ ਰੇ ॥ (ਪੰਨਾ-535)

ਸਾਕਤ ਸੰਗੁ ਨ ਕੀਜਈ ਪਿਆਰੇ ਜੇ ਕਾ ਪਾਰਿ ਵਸਾਇ ॥
ਜਿਸੁ ਮਿਲਿਐ ਹਰਿ ਵਿਸਰੈ ਪਿਆਰੇ ਸੋ ਮੁਹਿ ਕਾਲੈ ਉਠਿ ਜਾਇ ॥ (ਪੰਨਾ-641)

ਦੂਜੈ ਭਾਇ ਦੁਸਟਾ ਕਾ ਵਾਸਾ ॥ ਭਉਦੇ ਫਿਰਹਿ ਬਹੁ ਮੋਹ ਪਿਆਸਾ ॥
ਕੁਸੰਗਤਿ ਬਹਹਿ ਸਦਾ ਦੁਖੁ ਪਾਵਹਿ ਦੁਖੋ ਦੁਖੁ ਕਮਾਇਆ ॥ (ਪੰਨਾ-1068)

ਨਾਨਕ ਕਚੜਿਆ ਸਿਉ ਤੋੜਿ ਢੂਢਿ ਸਜਣ ਸੰਤ ਪਕਿਆ ॥ (ਪੰਨਾ-1102)

ਕਬੀਰ ਮਾਰੀ ਮਰਉ ਕੁਸੰਗ ਕੀ ਕੇਲੇ ਨਿਕਟਿ ਜੁ ਬੇਰਿ ॥
ਉਹ ਝੂਲੈ ਉਹ ਚੀਰੀਐ ਸਾਕਤ ਸੰਗੁ ਨ ਹੇਰਿ ॥ (ਪੰਨਾ—1369)
ਕਬੀਰ ਸਾਕਤ ਸੰਗੁ ਨ ਕੀਜੀਐ ਦੂਰਹਿ ਜਾਈਐ ਭਾਗਿ ॥
ਬਾਸਨੁ ਕਾਰੋ ਪਰਸੀਐ ਤਉ ਕਛੁ ਲਾਗੈ ਦਾਗੁ ॥ (ਪੰਨਾ—1371)

ਮਨਮੁਖ ਮਨੁ ਅਠਖੰਡ ਹੋਇ ਦੁਸਟਾ ਸੰਗਤਿ ਭਰਮਿ ਭੁਲਾਵੈ ॥ (ਵਾ.ਭਾ.ਗੁ. 5/17)

ਦੂਜੇ ਲਫ਼ਜ਼ਾਂ ਵਿਚ— ਜੀਵ ਦੇ ਅੰਤ੍ਰ-ਆਤਮੇ **'ਪ੍ਰੇਮ-ਅੰਸ' ਦੀ ਕਣੀ** ਹੋਣ ਕਰਕੇ



1 *Friendship with the self-willed manmukhs is an alliance with Maya.*
*As we watch, they run away; they never stand firm.*
*As long as they get food and clothing, they stick around.*
*But on that day when they receive nothing, then they start to curse.*
*The self-willed manmukhs are ignorant and blind; they do not know the secrets of the soul.* 959

2 *His body and wealth pass away, and he is torn by skepticism and cynicism; in the end, he regrets and repents, when the dust falls on his face.* 1014

3 *They deal in falsehood, and nothing but falsehood; telling lies, they suffer in pain.* 1062

4 *Friendship with the faithless cynic breaks down mid-way.* 811

For this reason we are warned in Gurbani to be wary of the company of people who are self-willed, worldly or materialistic.

5 *Such faithless cynics, who have forgotten the Naam, are thieves. O my mind, do not even go near them.* 170

6 *False is the love of the false one; break the ties, O my mind, and your ties shall be broken. Break your ties with the faithless cynic.* 535

7 *As far as possible, do not associate with the faithless cynics, O Beloved.*
*Meeting with them, the Lord is forgotten, O Beloved, and you rise and depart with a blackened face.* 641

8 *The evil people live in the love of duality.*
*They wander around, totally attached and thirsty.*

9 *They sit in evil gatherings, and suffer in pain forever; they earn pain, nothing but pain.* 1068

10 *O Nanak, break away from the false, and seek out the Saints, your true friends.* 1102

11 *Kabeer, I have been ruined and destroyed by bad company, like the banana plant near the thorn bush.*
*The thorn bush waves in the wind, and pierces the banana plant; see this, and do not associate with the faithless cynics.* 1369

12 *Kabeer, do not associate with the faithless cynics; run far away from them.*
*If you touch a vessel stained with soot, some of the soot will stick to you.*1371

13 *The mind of the self-willed, broken up into eight pieces (i.e being scattered), gets lost in doubt-fallacy in the company of evil minded.* VBG 5/17

In other words—because there is a suggestion of 'love-constituent'

ਹਰ ਇਕ ਜੀਵ ਦੇ ਅੰਦਰ ਭੀ **'ਪ੍ਰੇਮ-ਤਾਰ', ਪ੍ਰੇਮ-ਖਿਚ ਬਣੀ ਹੋਈ ਹੈ,** ਜਿਸ ਦੀ ਵਜਾਹ ਨਾਲ ਹਰ ਇਕ 'ਜੀਵ' ਦੇ ਅੰਦਰ **ਅਨਜਾਣੇ ਹੀ ਪ੍ਰੇਮ ਦੀ 'ਧੁਖ-ਧੁਖੀ' ਅਥਵਾ ਤਾਂਘ ਲਗੀ ਹੋਈ ਹੈ ।** ਇਸ **'ਪ੍ਰੇਮ ਸਵੈਪਨਾ' ਦੀ ਪੂਰਤੀ ਲਈ 'ਜੀਵ' ਨੂੰ ਭੀ ਕਿਸੇ ਹੋਰ ਜੀਵ ਦੇ 'ਮੇਲ-ਜੋਲ', 'ਸੰਗ', 'ਸੰਗਤ' ਕਰਨ ਦੀ ਲੋੜ ਭਾਸਦੀ ਹੈ,** ਜਿਸ ਨਾਲ ਉਹ ਆਪਣੇ **ਅੰਦਰਲੇ ਪ੍ਰੇਮ-ਵਲਵਲਿਆਂ ਦੀ ਸਾਂਝ ਤੇ 'ਲੇਵਾ-ਦੇਵੀ' ਕਰ ਸਕੇ ।**

ਇਹ ਇਲਾਹੀ ਨਿਰਮਲ **'ਪ੍ਰੇਮ-ਚਿਣਗ'** ਜਦ ਮਾਇਕੀ ਦੁਨੀਆ ਵਿਚ—

**ਮਾਂ-ਬੱਚੇ**
**ਭੈਣ-ਭਰਾ**
**ਇਸਤਰੀ-ਮਰਦ**
**ਮਿਤ੍ਰਤਾਈ**

ਆਦਿ, **'ਸੰਬੰਧਾਂ' ਦੁਆਰਾ ਪ੍ਰਗਟ ਹੁੰਦੀ** ਹੈ ਤਾਂ ਇਹ **ਮਾਇਕੀ 'ਰੰਗਤ' ਵਿਚ ਪ੍ਰਵਿਰਤ ਹੁੰਦੀ ਹੈ ।** ਜਿਸ ਨੂੰ ਗੁਰਬਾਣੀ ਵਿਚ 'ਮੋਹ'—'ਮਮਤਾ' ਕਿਹਾ ਗਿਆ ਹੈ :—

ਤ੍ਰਿਸਨਾ ਮਾਇਆ ਮੋਹਣੀ ਸੁਤ ਬੰਧਪ ਘਰ ਨਾਰਿ ॥
ਧਨਿ ਜੋਬਨਿ ਜਗੁ ਠਗਿਆ ਲਬਿ ਲੋਭਿ ਅਹੰਕਾਰਿ ॥
ਮੋਹ ਠਗਉਲੀ ਹਉ ਮੁਈ ਸਾ ਵਰਤੈ ਸੰਸਾਰਿ ॥ (ਪੰਨਾ—61)

ਮੋਹ ਝੂਠੁ ਪਸਾਰਾ ਝੂਠ ਕਾ ਝੂਠੇ ਲਪਟਾਇ ॥ (ਪੰਨਾ—166)

ਮੋਹੁ ਕੁਟੰਬੁ ਮੋਹੁ ਸਭ ਕਾਰ ॥ (ਪੰਨਾ—356)
ਊਚੇ ਮੰਦਰ ਮਹਲ ਅਰੁ ਰਾਨੀ ॥
ਹਸਤਿ ਘੋੜੇ ਜੋੜੇ ਮਨਿ ਭਾਨੀ ॥
ਵਡ ਪਰਵਾਰੁ ਪੂਤ ਅਰੁ ਧੀਆ ॥
ਮੋਹਿ ਪਚੇ ਪਚਿ ਅੰਧਾ ਮੂਆ ॥ (ਪੰਨਾ—392)

ਕਾਇਨਾਤ ਦੇ ਸਾਰੇ 'ਜੀਵ' ਇਸ ਮਾਇਕੀ ਝੂਠੇ ਸੰਸਾਰ ਵਿਚ ਹੀ ਗਲਤਾਨ ਹਨ- ਜਿਸ ਦੀ ਬਾਬਤ ਗੁਰਬਾਣੀ ਵਿਚ ਇਉਂ ਤਾੜਨਾ ਕੀਤੀ ਗਈ ਹੈ :—

ਬਲੂਆ ਕੇ ਗ੍ਰਿਹ ਭੀਤਰਿ ਬਸੈ ॥
ਅਨਦ ਕੇਲ ਮਾਇਆ ਰੰਗਿ ਰਸੈ ॥
ਦ੍ਰਿੜੁ ਕਰਿ ਮਾਨੈ ਮਨਹਿ ਪ੍ਰਤੀਤਿ ॥



in the innermost consciousness of man, the 'link of love', the pull of love exists in everyone. As a result of this unknowingly there is this yearning or simmering of love in everyone. For the fulfillment of this love of one's innate self', one feels the need to 'interact', to 'associate' and to be in the company of someone else with whom he can share and commune the inner emotions of love.

When this divine pure 'love-spark' expresses itself in the materialistic world, through the relationship of—

mother - child
sister - brother
wife - husband
friendship etc.

then it manifests itself in the materialistic 'hue' Gurbani refers to this (link) as 'attachment' or 'possessiveness'.

1 *The enticing desire for Maya leads people to become emotionally attached to their children, relatives, households and spouses.*
*The world is deceived and plundered by riches, youth, greed and egotism.*
*The drug of emotional attachment has destroyed me, as it has destroyed the whole world.* 61

2 *Their love is false, their displays are false, and they are engrossed in false hood.* 166

3 *Your attachment to your family, your attachment to all your affairs.* 356

4 *He has lofty palaces, mansions and queens,*
*elephants and pairs of horses, delighting the mind;*
*he is blessed with a great family of sons and daughters.*
*But, engrossed in attachment, the blind fool wastes away to death.* 392

All the beings in the creation are indeed entangled in this false world. Warning (about this state) is given in Gurbani thus:-

5 *He lives in a castle of sand.*
*He enjoys the games of pleasure and the tastes of Maya.*
*He believes them to be permanent - this is the belief of his mind.*

(cont next page)

ਕਾਲੁ ਨ ਆਵੈ ਮੂੜੇ ਚੀਤਿ ॥
ਬੈਰ ਬਿਰੋਧ ਕਾਮ ਕ੍ਰੋਧ ਮੋਹ ॥
ਝੂਠ ਬਿਕਾਰ ਮਹਾ ਲੋਭ ਧ੍ਰੋਹ ॥
ਇਆਹੂ ਜੁਗਤਿ ਬਿਹਾਨੇ ਕਈ ਜਨਮ ॥ (ਪੰਨਾ—267-8)

ਮੋਹ ਠਗਉਲੀ ਪਾਈਅਨੁ ਵਿਸਰਿਆ ਗੁਣਤਾਸੁ ॥
ਮਤੁ ਜਾਣਹੁ ਜਗੁ ਜੀਵਦਾ ਦੂਜੈ ਭਾਇ ਮੁਇਆਸੁ ॥ (ਪੰਨਾ—643)

ਮਹਾ ਭਇਆਨ ਉਦਿਆਨ ਨਗਰ ਕਰਿ ਮਾਨਿਆ ॥
ਝੂਠ ਸਮਗ੍ਰੀ ਪੇਖਿ ਸਚੁ ਕਰਿ ਜਾਨਿਆ ॥
ਕਾਮ ਕ੍ਰੋਧਿ ਅਹੰਕਾਰਿ ਫਿਰਹਿ ਦੇਵਾਨਿਆ ॥
ਸਿਰਿ ਲਗਾ ਜਮ ਡੰਡੁ ਤਾ ਪਛੁਤਾਨਿਆ ॥ (ਪੰਨਾ—707)

ਜਗ ਝੂਠੇ ਕਉ ਸਾਚੁ ਜਾਨਿ ਕੈ ਤਾ ਸਿਉ ਰੁਚ ਉਪਜਾਈ ॥ (ਪੰਨਾ—718)

ਆਸਾ ਭਰਮ ਬਿਕਾਰ ਮੋਹ ਇਨ ਮਹਿ ਲੋਭਾਨਾ ॥
ਝੂਠੁ ਸਮਗ੍ਰੀ ਮਨਿ ਵਸੀ ਪਾਰਬ੍ਰਹਮੁ ਨ ਜਾਨਾ ॥ (ਪੰਨਾ—815)

ਜਿਸ ਤਰ੍ਹਾਂ ਬਿਜਲੀ ਦੀ ਰੌਸ਼ਨੀ ਤਾਂ ਨਿਰਮਲ ਹੁੰਦੀ ਹੈ—ਪਰ ਉਸ ਦਾ ਬਾਹਰਮੁਖੀ **ਪ੍ਰਗਟਾਵਾ** ਬਲਬ ਦੀ **ਰੰਗਤ** ਅਨੁਸਾਰ ਹੁੰਦਾ ਹੈ ।

ਉਸੇ ਤਰ੍ਹਾਂ ਬਾਹਰਮੁਖੀ ਮਾਨਸਿਕ ਖਿਆਲਾਂ, ਵਲਵਲਿਆਂ ਤੇ **ਭਾਵਨਾਵਾਂ ਦੀ ਰੰਗਤ ਨਾਲ ਪਰਸ ਕੇ, ਅਥਵਾ 'ਸੰਗ' ਕਰਕੇ—ਨਿਰਮਲ ਆਤਮਿਕ ਪ੍ਰੇਮ-ਸਵੈਪਨਾਵਾਂ ਭੀ, ਮੋਹ-ਮਮਤਾ ਦਾ ਸਰੂਪ ਧਾਰ ਕੇ 'ਮਲੀਨ', ਕੂੜੀਆਂ ਅਤੇ ਦੁਖਦਾਈ ਹੋ ਜਾਂਦੀਆਂ ਹਨ ।**

ਜਗਿ ਹਉਮੈ ਮੈਲੁ ਦੁਖੁ ਪਾਇਆ ਮਲੁ ਲਾਗੀ ਦੂਜੈ ਭਾਇ ॥ (ਪੰਨਾ—39)

ਜੋ ਮੋਹਿ ਮਾਇਆ ਚਿਤੁ ਲਾਇਦੇ ਸੇ ਛੋਡਿ ਚਲੇ ਦੁਖ ਰੋਇ ॥ (ਪੰਨਾ—81)

ਕੂੜੁ ਰਾਜਾ ਕੂੜੁ ਪਰਜਾ ਕੂੜੁ ਸਭੁ ਸੰਸਾਰੁ ॥
ਕੂੜੁ ਮੰਡਪ ਕੂੜੁ ਮਾੜੀ ਕੂੜੁ ਬੈਸਣਹਾਰੁ ॥
ਕੂੜੁ ਸੁਇਨਾ ਕੂੜੁ ਰੁਪਾ ਕੂੜੁ ਪੈਨ੍ਹਣਹਾਰੁ ॥
ਕੂੜੁ ਕਾਇਆ ਕੂੜੁ ਕਪੜੁ ਕੂੜੁ ਰੂਪੁ ਅਪਾਰੁ ॥
ਕੂੜੁ ਮੀਆ ਕੂੜੁ ਬੀਬੀ ਖਪਿ ਹੋਏ ਖਾਰੁ ॥
ਕੂੜਿ ਕੂੜੈ ਨੇਹੁ ਲਗਾ ਵਿਸਰਿਆ ਕਰਤਾਰੁ ॥ (ਪੰਨਾ—468)



*Death does not even come to mind for the fool.*
*Hate, conflict, sexual desire, anger, emotional attachment,*
*falsehood, corruption, immense greed and deceit:*
*So many lifetimes are wasted in these ways.* 267-8

1 *Emotional attachment has drugged him, and he has forgotten the Lord, the treasure of virtue.*
*Don't think that he is alive in the world - he is dead, through the love of dual ity.* 643

2 *He sees the terrible, awful wilderness as a city.*
*Gazing upon the false objects, he believes them to be real.*
*Engrossed in sexual desire, anger and egotism, he wanders around insane.*
*When the Messenger of Death hits him on the head with his club, then he regrets and repents.* 707

3 *I judge the false world to be true, and I have fallen in love with it.* 718

4 *Hope, doubt, corruption and emotional attachment - in these, he is engrossed.*
*The false material world abides in his mind, and he does not understand the Supreme Lord God.* 815

The illumination of electricity is pure—but its external expression or manifestation is according to the colour of the bulb.

Similarly the pure spiritual love of one's inner being, coming into contact or 'company' of the colour of external mental thoughts, emotions and desires, it assumes the form of attachment-possessiveness and (in the process) gets contaminated, turns false and becomes painful.

5 *The world is polluted with the filth of egotism, suffering in pain. This filth sticks to them because of their love of duality.* 39

6 *Those who focus their consciousness on emotional attachment to Maya must leave; they depart crying out in despair.* 81

7 *False is the king, false are the subjects; false is the whole world.*
*False is the mansion, false are the skyscrapers; false are those who live in them.*
*False is gold, and false is silver; false are those who wear them.*
*False is the body, false are the clothes; false is incomparable beauty.*
*False is the husband, false is the wife; they mourn and waste away.*
*The false ones love falsehood, and forget their Creator.* 468

ਜੇਤਾ ਮੋਹੁ ਪਰੀਤਿ ਸੁਆਦ ॥ ਸਭਾ ਕਾਲਖ ਦਾਗਾ ਦਾਗ ॥
ਦਾਗ ਦੋਸ ਮੁਹਿ ਚਲਿਆ ਲਾਇ ॥
ਦਰਗਹ ਬੈਸਣ ਨਾਹੀ ਜਾਇ ॥ (ਪੰਨਾ—662)

ਮੋਹਿ ਬਾਦਿ ਅਹੰਕਾਰਿ ਸਰਪਰ ਰੁੰਨਿਆ ॥
ਸੁਖੁ ਨ ਪਾਇਨਿ੍ ਮੂਲਿ ਨਾਮ ਵਿਛੁੰਨਿਆ ॥ (ਪੰਨਾ—761)

ਅੰਤਰਿ ਲੋਭੁ ਮਨਿ ਮੈਲੈ ਮਲੁ ਲਾਏ ॥
ਮੈਲੇ ਕਰਮ ਕਰੇ ਦੁਖੁ ਪਾਏ ॥ (ਪੰਨਾ—1062)

ਮਾਇਆ ਮੋਹੁ ਸਬਲੁ ਹੈ ਭਾਰੀ ਮੋਹੁ ਕਾਲਖ ਦਾਗ ਲਗੀਜੈ ॥ (ਪੰਨਾ—1324)

ਇਸਦੇ ਐਨ **ਉਲਟ**—ਬਖਸ਼ੇ ਹੋਏ ਗੁਰਮੁਖ ਪਿਆਰਿਆਂ ਮਹਾਂਪੁਰਖਾਂ ਦੀ **'ਸੰਗਤ' ਕਰਕੇ**, ਉਹਨਾਂ ਦੀ **ਨਿਰਮਲ ਆਤਮਾ ਨਾਲ 'ਪਰਸ' ਕੇ** ਸਾਡੇ ਮਾਇਕੀ ਮਲੀਨ ਨਾਸਤਿਕ ਮਨਾਂ ਉਤੇ **'ਪਾਰਸ-ਕਲਾ' ਵਰਤ ਸਕਦੀ ਹੈ** ਤੇ ਸਾਡੇ ਸੁਕੇ-ਸੜੇ ਸ਼ਰਧਾਹੀਣ ਹਿਰਦਿਆਂ ਵਿਚ ਭੀ—

ਭਾਉ
ਸ਼ਰਧਾ
ਸਿਦਕ
ਭਰਸਾ
ਚਾਉ

**ਉਪਜਦਾ ਹੈ ਅਤੇ ਦ੍ਰਿੜ੍ਹ ਹੁੰਦਾ ਹੈ।**

**ਸਾਧ ਸੰਗਤਿ ਉਪਜੈ ਬਿਸਾਸੁ ॥**
ਬਾਹਰਿ ਭੀਤਰਿ ਸਦਾ ਪ੍ਰਗਾਸ ॥ (ਪੰਨਾ—343)

**ਸਖੀ ਸਹੇਰੀ ਸੰਗ ਕੀ ਸੁਮਤਿ ਦ੍ਰਿੜਾਵਉ ॥**
ਸੇਵਹੁ ਸਾਧੂ ਭਾਉ ਕਰਿ ਤਉ ਨਿਧਿ ਹਰਿ ਪਾਵਉ ॥ (ਪੰਨਾ—400)

**ਸਤ ਸੰਗਤਿ ਮਹਿ ਬਿਸਾਸੁ ਹੋਇ**
ਹਰਿ ਜੀਵਤ ਮਰਤ ਸੰਗਾਰੀ ॥ (ਪੰਨਾ—401)

**ਸਾਧ ਸੰਗਤਿ ਬਿਨਾ ਭਾਉ ਨਹੀ ਊਪਜੈ**
ਭਾਵ ਬਿਨੁ ਭਗਤਿ ਨਹੀ ਹੋਇ ਤੇਰੀ ॥ (ਪੰਨਾ—694)



1 *These worldly attachments, loves and pleasurable tastes,all are just black stains.*
*One who departs, with these black stains of sin on his face.*
*shall find no place to sit in the Court of the Lord.* 662

2 *Those who indulge in attachment, conflict and egotism shall surely weep and cry.*
*Those who are separated from the Naam shall never find any peace.* 761

3 *With greed within them, their minds are filthy, and they spread filth around.*
*They do filthy deeds, and suffer in pain.* 1062

4 *Emotional attachment to Maya is very powerful; this attachment is a black stain which sticks.* 1324

Exactly contrary to this—our materialistic, impure atheistic minds having the 'company' of spiritually evolved guru-orientated great holy men and having the 'touch' of their pure souls, experience the miracle of the philosopher's stone as a result of which—

love
trust
faith
confidence
joy

sprouts and becomes firmly entrenched in our dry-burnt faithless minds.

5 *In the Saadh Sangat, the Company of the Holy, faith wells up.*
*Outwardly, and deep within, God's Light is always radiant.* 343

6 *O my companions and fellow maidens, please implant that balanced under standing within me.*
*Serve the Holy Saints lovingly, and find the treasure of the Lord.* 400

7 *In the Sat Sangat, the True Congregation, this faith is established, that the Lord is with us, in life and in death.* 401

8 *Without the Saadh Sangat, the Company of the Holy, love for the Lord does not well up; without this love, Your devotional worship cannot be performed.*
694

ਹਰਿ ਹਰਿ ਹਰਿ ਜਸੁ ਘੂਮਰਿ ਪਾਵਹੁ
**ਮਿਲਿ ਸਤਸੰਗਿ ਓਮਾਹਾ ਰਾਮ ॥** (ਪੰਨਾ—698)

**ਸਤਸੰਗਤਿ ਮਿਲੈ ਤ ਦਿੜਤਾ ਆਵੈ**
ਹਰਿ ਰਾਮ ਨਾਮਿ ਨਿਸਤਾਰੇ ॥ (ਪੰਨਾ—981)

**ਸਾਧ ਸੰਗਤਿ ਭਉ ਭਾਉ ਸਹਜੁ ਬੈਰਾਗ ਹੈ ।** (ਵਾ. ਭਾ. ਗੁ. 3/13)

**ਸਾਧ ਸੰਗਤਿ ਭੈ ਭਾਇ ਨਿਜ ਘਰਿ ਪਾਇਆ ।** (ਵਾ. ਭਾ. ਗੁ. 3/20)

ਐਸੇ ਨਿਰਨਲ ਹੋਏ ਹਿਰਦਿਆ ਵਿਚ—

ਇਲਾਹੀ ਪਿਆਰ
ਪ੍ਰੇਮ ਭਾਵਨਾਵਾਂ
ਪ੍ਰੇਮ ਸਵੈਪਨਾਵਾਂ
ਪ੍ਰਿਮ-ਰਸ
ਪ੍ਰੀਤ-ਖਿਚ

ਦਾ ਉਪਜਨਾ ਸੁਭਾਵਕ ਹੈ ।

ਭਗਤਿ ਪ੍ਰੇਮ ਪਰਮ ਪਦੁ ਪਾਇਆ **ਸਾਧ ਸੰਗਿ** ਦੁਖ ਨਾਠੇ ॥ (ਪੰਨਾ—382)

ਪ੍ਰੇਮ ਭਗਤਿ ਨਾਨਕ ਸੁਖੁ ਪਾਇਆ **ਸਾਧੂ ਸੰਗਿ ਸਮਾਈ ॥** (ਪੰਨਾ—384)

ਮੇਰੇ ਮਨ ਹਰਿ ਸਿਉ ਲਾਗੀ ਪ੍ਰੀਤਿ ॥
**ਸਾਧ ਸੰਗਿ** ਹਰਿ ਹਰਿ ਜਪਤ ਨਿਰਮਲ ਸਾਚੀ ਰੀਤਿ ॥ ਪੰਨਾ—431)

**ਨਾਨਕ ਪ੍ਰੀਤਿ ਲਗੀ ਤਿਨ੍ ਰਾਮ ਸਿਉ**
**ਭੇਟਤ ਸਾਧ ਸੰਗਤ ॥** (ਪੰਨਾ—454)

ਗੋਵਿੰਦੁ ਗੋਵਿੰਦੁ ਪ੍ਰੀਤਮੁ ਮਨਿ ਪ੍ਰੀਤਮੁ
**ਮਿਲਿ ਸਤ ਸੰਗਤਿ ਸਬਦਿ ਮਨੁ ਮੋਹੈ ॥** (ਪੰਨਾ—492)

**ਸਚੀ ਸੰਗਤਿ ਸਚਿ ਮਿਲੈ ਸਚੈ ਨਾਇ ਪਿਆਰੁ ॥** (ਪੰਨਾ—586)

**ਸਾਧ ਸੰਗਿ ਇਨ ਦੁਖ ਤੇ ਨਿਕਸਿਓ ਨਾਨਕ ਏਕ ਪਰੀਤ ॥** (ਪੰਨਾ—673)

**ਸੰਤਾ ਸੰਗਤਿ ਮਿਲਿ ਰਹੈ ਤਾ ਸਚਿ ਲਗੈ ਪਿਆਰੁ ॥** (ਪੰਨਾ—756)

**ਹਰਿ ਕੇ ਸੰਤ ਮਿਲਿ ਰਾਮ ਰਸੁ ਪਾਇਆ ਹਮ ਜਨ ਕੇ ਬਲਿ ਬਲਲੇ ॥....**



1 *Dance to the Praises of the Lord, Har, Har, Har; meet with the Sat Sangat, the True Congregation, with sincerity.* *698*

2 *But when he joins the Sat Sangat, the True Congregation, he is confirmed in his faith, and he is saved by the Name of the Lord.* *981*

3 *The (presence of) fear (of separation) and (the overflowing) love (for God) in the sadh sangat, the company of the holy, creates a intuitive state of non-attachment.* *VBG 3/13*

4 *The (presence of) fear (of separation) and (the overflowing) love (for God) in the sadh sangat, the company of the holy, one discovers his Own innate Self within.* *VBG 3/*20

The sprouting of :-
divine love
love orientated desires
love the innate Self
love-relish
the pull of love

is natural in such purified minds or hearts.

5 *Through loving devotional worship, the supreme status is obtained, and in the Saadh Sangat, the Company of the Holy, sorrows are dispelled.* *382*

6 *Through loving devotional worship, O Nanak, I have obtained peace; in the Saadh Sangat, the Company of the Holy, I am absorbed into the Lord.* *384*

7 *My mind is in love with the Lord. In the Saadh Sangat, the Company of the Holy, I meditate on the Lord, Har, Har; my lifestyle is pure and true.* *431*

8 *O Nanak, they enshrine love for the Lord, meeting the Saadh Sangat, the Company of the Holy.* *454*

9 *The Lord, the Lord of the Universe is the Beloved of the minds of those who join the Sat Sangat, the True Congregation. The Shabad of His Word fascinates their minds.* *492*

10 *Associating with Truth, obtain Truth, and love the True Name.* *586*

11 *In the Saadh Sangat, the Company of the Holy, I have escaped from these troubles; Nanak loves the One Lord.* *673*

12 *But if he joins the Society of the Saints, then he comes to embrace love for the Truth.* *756*

13 *Meeting with the Lord's Saints, I have obtained the sublime essence of the Lord. I am a sacrifice, a sacrifice to His humble servants.* *(cont.next page)*

ਹਰਿ ਕੇ ਸੰਤ ਮਨਿ ਪ੍ਰੀਤਿ ਲਗਾਈ
ਜਿਉ ਦੇਖੈ ਸਸਿ ਕਮਲੇ ॥ (ਪੰਨਾ—975)

ਲਗਿ ਲਗਿ ਪ੍ਰੀਤਿ ਬਹੁ ਪ੍ਰੀਤਿ ਲਗਾਈ
ਲਗਿ ਸਾਧੂ ਸੰਗਿ ਸਵਾਰੇ ॥ (ਪੰਨਾ—982)

ਸੰਤ ਮੰਡਲ ਮਹਿ ਨਿਰਮਲ ਰੀਤਿ ॥
ਸੰਤ ਸੰਗਿ ਹੋਇ ਏਕ ਪਰੀਤਿ ॥ (ਪੰਨਾ—1146)

ਸਾਧ ਸੰਗਤਿ ਸਚੁ ਦੇਸੁ ਘਰੁ ਪਰਵਾਣਿਆ ।
ਪ੍ਰੇਮ ਭਗਤਿ ਆਵੇਸੁ ਸਹਿਜ ਸਮਾਣਿਆ । (ਵ. ਭਾ. ਗੁ. 3/1)

ਸਾਧ ਸੰਗਤਿ ਸਚਖੰਡ ਵਿਚਿ
ਪ੍ਰੇਮ ਭਗਤਿ ਪਰਚੈ ਹੋਇ ਮੇਲਾ । (ਵਾ. ਭਾ. ਗੁ. 7/20)

ਪਿਰਮ ਪਿਆਲਾ ਸਾਧ ਸੰਗ
ਸਬਦ ਸੁਰਤਿ ਅਨਹਦ ਲਿਵ ਲਾਈ । (ਵਾ. ਭਾ. ਗੁ. 11/8)

ਸਾਧ ਸੰਗਤਿ ਭੈ ਭਾਇ ਅਪਿਓ ਪੀ ਚਾਖਿਆ । (ਵਾ. ਭਾ. ਗੁ. 14/16)

ਸਾਧ ਸੰਗਤਿ ਕਰਿ ਸਾਧਨਾ
ਪਿਰਮ ਪਿਆਲਾ ਅਜਰੁ ਜਰਣਾ । (ਵਾ. ਭਾ. ਗੁ. 18/16)

ਇਸ ਤਰ੍ਹਾਂ ਮਾਇਆ ਦੀ ਰੰਗਤ ਨਾਲ ਮਲੀਨ ਅਤੇ ਪਤਿਤ ਹੋਇਆ ਮਨ ਭੀ 'ਸਾਧ ਸੰਗਤ' ਦੀ 'ਪਾਵਨ' ਛੋਹ ਨਾਲ ਪਵਿਤ੍ਰ ਅਤੇ ਨਿਰਮਲ ਹੋ ਸਕਦਾ ਹੈ ।

ਸਾਧ ਸੰਗਤਿ ਹੋਇ ਨਿਰਮਲਾ ਕਟੀਐ ਜਮ ਕੀ ਫਾਸ ॥ (ਪੰਨਾ—48)

ਸੰਤ ਸੰਗਿ ਹਰਿ ਸਿਮਰਣਾ
ਮਲੁ ਜਨਮ ਜਨਮ ਕੀ ਕਾਟਿ ॥ (ਪੰਨਾ—44)

ਹਰਿ ਅਮ੍ਰਿਤਸਰੁ ਗੁਰਿ ਪੂਰਿਆ
ਮਿਲਿ ਸੰਗਤੀ ਮਲੁ ਲਹਿ ਜਾਇ ॥ (ਪੰਨਾ—234)

ਸਗਲ ਕ੍ਰਿਆ ਮਹਿ ਊਤਮ ਕਿਰਿਆ ॥
ਸਾਧ ਸੰਗਿ ਦੁਰਮਤਿ ਮਲੁ ਹਿਰਿਆ ॥ (ਪੰਨਾ—266)

ਸਾਧ ਸੰਗਿ ਹੋਇ ਨਿਰਮਲਾ ਨਾਨਕ ਪ੍ਰਭ ਕੈ ਰੰਗਿ ॥ (ਪੰਨਾ—297)

ਸੰਤ ਪ੍ਰਸਾਦਿ ਭਏ ਮਨ ਨਿਰਮਲ
ਹਰਿ ਕੀਰਤਨ ਮਹਿ ਅਨਦਿਨੁ ਜਾਗਾ ॥ (ਪੰਨਾ—343)

ਮਨ ਕੀ ਕਟੀਐ ਮੈਲੁ ਸਾਧ ਸੰਗਿ ਵੁਠਿਆ ॥ (ਪੰਨਾ—520)



*The Lord's Saint loves the Lord in his mind, like the lotus flower gazing at the moon.* 975

1 *Fall in love, fall deeply in love with the Lord; clinging to the Saadh Sangat, the Company of the Holy, you will be exalted and embellished.* 982

2 *In the Realm of the Saints, one's lifestyle is immaculate. In the Society of the Saints, one comes to love the One Lord.* 1146

3 *Spontaneous innate delight results from loving devotion.* VBG 3/1

4 *When one becomes attached to the abode of truth in the form of holy congregation, he through loving devotion meets the Lord.* VBG 7/20

5 *Quaffing the cup of love in the holy congregation, the Sikhs of the Guru absorb their consciousness in the Word.* VBG 11/8

6 *In the sadh sangat one quaffs the nectar of fear and love of the Lord.* VBG 14/16

7 *Engaged the discipline in the holy congregation, and drinking the cup of love, one bears the unbearable.* VBG 18/16

In this way the mind having become impure and degraded with the hue of materialism can also become pure and clean with the holy touch of 'sadh sangat', the company of the holy.

8 *In the Saadh Sangat, the Company of the Holy, you shall become absolutely pure, and the noose of death shall be cut away.* 44

9 *In the Society of the Saints, meditate in remembrance on the Lord, and wash off the filth of countless incarnations.* 48

10 *The Perfect Guru is the Ambrosial Pool of the Lord's Nectar; join the Holy Con gregation, and wash away this pollution.* 234

11 *Of all religious rituals, the most sublime ritual is to erase the filth of the dirty mind in the Company of the Holy.* 266

12 *In the Saadh Sangat, one becomes pure, O Nanak, imbued with the Love of God.* 297

13 *By the Grace of the Saints, her mind becomes pure; night and day, she re mains awake and aware, singing the Kirtan of the Lord's Praises.* 343

14 *The filth of my mind is removed, when I dwell in the Saadh Sangat, the Com pany of the Holy.* 520

ਨਾਨਕ ਪਤਿਤ ਪਵਿਤ ਮਿਲਿ ਸੰਗਤਿ
ਗੁਰ ਸਤਿਗੁਰ ਪਾਛੈ ਛੁਕਟੀ ॥ (ਪੰਨਾ—528)

ਤੇਰੀ ਸਰਣਿ ਸਤਿਗੁਰ ਮੇਰੇ ਪੂਰੇ ॥
ਮਨੁ ਨਿਰਮਲੁ ਹੋਇ ਸੰਤਾ ਧੂਰੇ ॥ (ਪੰਨਾ—563)

ਸਾਧ ਸੰਗਿ ਮਲੁ ਲਾਥੀ ॥
ਪਾਰਬ੍ਰਹਮੁ ਭਇਓ ਸਾਥੀ ॥ (ਪੰਨਾ—625)

ਕਰਿ ਸਾਧ ਸੰਗਤਿ ਸਿਮਰੁ ਮਾਧੋ
ਹੋਹਿ ਪਤਿਤ ਪੁਨੀਤ ॥ (ਪੰਨਾ—631)

ਜਨਮ ਜਨਮ ਕੇ ਲਾਗੇ ਬਿਖੁ ਮੋਰਚਾ
ਲਗਿ ਸੰਗਤਿ ਸਾਧ ਸਵਾਰੀ ॥
ਜਿਉ ਕੰਚਨੁ ਬੈਸੰਤਰਿ ਤਾਇਓ
ਮਲੁ ਕਾਟੀ ਕਟਿਤ ਉਤਾਰੀ ॥ (ਪੰਨਾ—666)

ਸਾਧ ਸੰਗਤਿ ਹੋਹਿ ਨਿਰਮਲੁ ਬਹੁੜਿ ਜੋਨਿ ਨ ਆਉ ॥ (ਪੰਨਾ—1220)

ਜਿਉ ਛੁਹਿ ਪਾਰਸ ਮਨੂਰ ਭਏ ਕੰਚਨ ਤਿਉ ਪਤਿਤ ਜਨ
ਮਿਲਿ ਸੰਗਤੀ ਸੁਧ ਹੋਵਤ ਗੁਰਮਤੀ ਸੁਧਹਾਧੋ ॥ (ਪੰਨਾ—1297)

ਜਨਮ ਜਨਮ ਕੀ ਹਉਮੈ ਮਲੁ ਲਾਗੀ
ਮਿਲਿ ਸੰਗਤਿ ਮਲੁ ਲਹਿ ਜਾਵੈਗੋ ॥ (ਪੰਨਾ—1309)

ਪਤਿਤ ਉਧਾਰਣੁ ਸਾਧ ਸੰਗ ਪਾਪਾ ਮਲੁ ਧੋਵੈ ॥ (ਵਾ.ਭਾ. ਗੁ. 2/16)

ਗੁਰਮੁਖਿ ਸੁਖ ਫਲੁ ਸਾਧ ਸੰਗੁ
ਪਤਿਤ ਪੁਨੀਤ ਕਰੈ ਦੇਹਾੜੀ ॥ (ਵਾ. ਭਾ. ਗੁ. 16/6)

ਪਰਉਪਕਾਰੀ ਸਾਧ ਸੰਗੁ
ਪਤਿਤ ਉਧਾਰਣੁ ਬਿਰਦੁ ਵਖਾਣਾ ॥ (ਵਾ. ਭਾ. ਗੁ. 25/9)

(ਚਲਦਾ...)

1 *O Nanak, the sinners become pure, joining the Company of the Holy; following the Guru, the True Guru, they are emancipated.* *528*

2 *I seek Your Sanctuary, O my Perfect True Guru.*
*My mind is purified by the dust of the Saints.* *563*

3 *In the Saadh Sangat, the Company of the Holy, filth is washed off.*
*The Supreme Lord God has become our friend and helper.* *625*

4 *Join the Saadh Sangat, the Company of the Holy, and meditate in remembrance on the Lord; even a sinner like yourself will become pure.* *631*

5 *The rust of poison and corruption from countless incarnations sticks to us; joining the Saadh Sangat, the Company of the Holy, it is cleaned away.*
*It is just like gold, which is heated in the fire, to remove the impurities from it.* *666*

6 *In the Saadh Sangat, the Company of the Holy, you shall become immaculate and pure; you shall not come to be reincarnated again.* *1220*

7 *Just as when the iron slag is transmuted into gold by touching the Philosopher's Stone - when the sinner joins the Sangat, he becomes pure, through the Guru's Teachings.* *1297*

8 *The filth of egotism from countless incarnations sticks to me; joining the Sangat, the Holy Congregation, this filth is washed away.* *1309*

9 *The redeemer of the fallen ones is the holy congregation wherein the dirt of sins is cleansed.* *VBG 2/16*

10 *The pleasure fruit of gurmukhs is the company of holy persons which purifies the impure ones even in one day (sitting).* *VBG 16/6*

11 *Association with such humble sadhus is altruistic and makes one habitual liberator of the fallen ones.* *VBG 25/9*

Cont/.....78-2